Free Digital Copy From ServeNow

# ਤੋਬਾ, ਟੁੱਟੇਪਣ ਅਤੇ ਮਾਫ਼ੀ ਬਾਰੇ ਉਹ ਬੁਨਿਆਦੀ ਗੱਲਾਂ ਜੋ ਤੁਹਾਨੂੰ ਜਾਣਨ ਦੀ ਜ਼ਰੂਰਤ ਹੈ

ਲਾਰਸ ਬੀ. ਡਨਬਰਗ

ServeNow

Free Digital Copy From ServeNow

ਤੋਬਾ, ਟੁੱਟੇਪਣ ਅਤੇ ਮਾਫ਼ੀ ਬਾਰੇ  ਉਹ ਬੁਨਿਆਦੀ ਗੱਲਾਂ  ਜੋ ਤੁਹਾਨੂੰ ਜਾਣਨ ਦੀ ਜ਼ਰੂਰਤ ਹੈ

***The Basic Things You Need to Know About Repentance, Brokenness and Forgiveness (Punjabi)***

By: Lars B. Dunberg

Copyright © 2019 by *ServeNow*.
Used by permission.
All rights reserved.

ISBN:   978-1-964796-92-5

All Bible Verses are taken from The Holy Bible, Punjabi. Copyright © 2016 by Bible Society of India. All Rights Reserved. Used By Permission.

Published by *ServeNow*,
1817 Austin Bluffs Parkway #110,
Colorado Springs, CO 80918, USA.

Free Digital Copy From Servelow

# ਤੋਬਾ, ਟੁੱਟੇਪਣ ਅਤੇ ਮਾਫ਼ੀ ਬਾਰੇ ਉਹ ਬੁਨਿਆਦੀ ਗੱਲਾਂ ਜੋ ਤੁਹਾਨੂੰ ਜਾਣਨ ਦੀ ਜ਼ਰੂਰਤ ਹੈ

## ਜਾਣ-ਪਛਾਣ

ਇਸ ਪੁਸਤਕ ਵਿੱਚ, ਅਸੀਂ ਮਸੀਹੀ ਜੀਵਨ ਦੇ ਤਿੰਨ ਮਹੱਤਵਪੂਰਣ ਸ਼ਬਦਾਂ ਉੱਤੇ ਵਿਚਾਰ ਕਰਨ ਜਾ ਰਹੇ ਹਾਂ: ਤੋਬਾ, ਟੁੱਟਾਪਣ ਅਤੇ ਮਾਫ਼ੀ। ਇਹ ਸਾਰੇ ਅਲੱਗ-ਅਲੱਗ ਹੁੰਦੇ ਹੋਏ ਵੀ ਡੂੰਘਾਈ ਨਾਲ ਆਪਸ ਵਿੱਚ ਜੁੜੇ ਹੋਏ ਹਨ।

## ਤੋਬਾ

ਮੱਤੀ 4 ਅਧਿਆਇ ਦੀ 17 ਆਇਤ ਵਿੱਚ, ਅਸੀਂ ਯਿਸੂ ਦੇ ਸੇਵਾਕਾਈ ਦੀ ਸ਼ੁਰੂਆਤ ਦੇ ਬਾਰੇ ਪੜ੍ਹਦੇ ਹਾਂ। *ਉਸੇ ਵੇਲਿਓਂ ਯਿਸੂ ਪਰਚਾਰ ਕਰਨ ਅਤੇ ਕਹਿਣ ਲੱਗਾ ਭਈ ਤੋਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ।*

ਯਿਸੂ ਵੱਲੋਂ ਦਿੱਤੀਆਂ ਗਈਆਂ ਪਹਿਲੀਆਂ ਹਿਦਾਇਤਾਂ ਦਾ ਪਾਲਣ ਕਰਨਾ ਇੰਨਾ ਜ਼ਰੂਰੀ ਕਿਉਂ ਹੈ? ਉਸ ਨੇ ਜ਼ਰੂਰ ਇਸ ਨੂੰ ਇੰਨਾ ਜ਼ਰੂਰੀ ਸਮਝਿਆ ਹੋਵੇਗਾ ਕਿ ਇਸ ਨੂੰ ਆਪਣੀ ਸੇਵਾਕਾਈ ਵਿੱਚ ਦਰਜ ਪਹਿਲੇ ਵਾਕ ਵਜੋਂ ਬੋਲਿਆ।

ਗਲੀਲ ਵਿੱਚ ਦਿੱਤੇ ਉਸ ਦੇ ਪਹਿਲੇ ਸੰਦੇਸ਼ ਦੇ ਪ੍ਰਤੀ ਸਾਡਾ ਪ੍ਰਤੀਉੱਤਰ ਉਨ੍ਹਾਂ ਮੁੱਖ ਕਾਰਨਾਂ ਵਿੱਚੋਂ ਇੱਕ ਹੈ ਜਿਸ ਦੇ ਕਾਰਣ ਯਿਸੂ ਨੇ ਸਲੀਬ ਉੱਤੇ ਬਲੀਦਾਨ ਦਿੱਤਾ। ਜੇਕਰ ਮੈਂ ਉਸ ਦੀਆਂ ਹਿਦਾਇਤਾਂ ਦਾ ਪਾਲਣ ਨਹੀਂ ਕਰ ਰਿਹਾ ਹਾਂ, ਜੇਕਰ ਮੇਰੇ ਵਿੱਚ ਕੋਈ ਤੋਬਾ ਜਾਂ ਪਛਤਾਵਾ ਨਹੀਂ ਹੈ, ਤਾਂ ਮੈਨੂੰ ਯਿਸੂ ਦੀ ਜ਼ਰੂਰਤ ਹੀ ਕਿਉਂ ਹੈ? ਜੇਕਰ ਮੈਨੂੰ ਅਸਲ ਵਿੱਚ ਉਸ ਦੀ ਜ਼ਰੂਰਤ ਹੀ ਨਹੀਂ ਹੈ, ਤਾਂ ਉਸ ਦੀ ਮੌਤ ਅਤੇ ਜੀ ਉੱਠਣਾ ਮੇਰੇ ਲਈ ਪੂਰੀ ਤਰ੍ਹਾਂ ਬੇਮਤਲਬ ਹਨ।

ਕੁਝ ਲੋਕਾਂ ਲਈ ਤੋਬਾ ਯਿਸੂ ਵੱਲੋਂ ਦਿੱਤਾ ਗਿਆ ਸਭ ਤੋਂ ਔਖਾ ਹੁਕਮ ਹੈ ਜਿਸ ਦੀ ਸਾਨੂੰ ਪਾਲਣਾ ਕਰਨ ਦੀ ਜ਼ਰੂਰਤ ਹੈ। ਸ਼ਾਇਦ ਉਸ ਵਿੱਚ ਵਿਸ਼ਵਾਸ ਕਰਨਾ ਇੰਨਾ ਔਖਾ ਨਹੀਂ ਹੈ, ਉਸ ਵਿਸ਼ਵਾਸ ਦੇ ਨਤੀਜੇ ਵਜੋਂ ਬਪਤਿਸਮਾ ਲੈਣਾ ਵੀ ਅਸੰਭਵ ਨਹੀਂ ਹੈ, ਪਰ ਤੋਬਾ – ਇਸ ਦੀ ਸ਼ੁਰੂਆਤ ਕਿੱਥੋਂ ਕਰੀਏ?

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਤੋਬਾ ਸ਼ਬਦ ਦਾ ਅਰਥ ਹੈ "ਆਪਣੇ ਜੀਵਨ ਨੂੰ ਸੁਧਾਰਨਾ" ਜਾਂ "ਕਿਸੇ ਧਰਮ ਨੂੰ ਅਪਨਾਉਣਾ।" ਤੋਬਾ ਲਈ ਇੱਕ ਬਿਲਕੁਲ ਨਵੇਂ ਨਜ਼ਰੀਏ ਨੂੰ ਸਵੀਕਾਰ ਕਰਨ ਦੀ ਲੋੜ ਹੁੰਦੀ ਹੈ, ਅਰਥਾਤ **ਜੀਵਨ ਨੂੰ ਪਰਮੇਸ਼ੁਰ ਦੇ ਤਰੀਕੇ ਨਾਲ ਵੇਖਣਾ।**

Free Digital Copy From Servelow

ਪਰਮੇਸ਼ੁਰ ਸਾਨੂੰ ਸਿਰਫ਼ **ਮੁੜਨ** ਲਈ ਕਹਿੰਦਾ ਹੈ। ਜੇ ਅਸੀਂ ਅਜਿਹਾ ਕਰਦੇ ਹਾਂ, ਤਾਂ ਸਾਡੇ ਲਈ ਕੁਝ ਖਾਸ ਨਤੀਜਿਆਂ ਦਾ ਵਾਅਦਾ ਹੈ। ਜੇਕਰ ਅਸੀਂ ਅਜਿਹਾ ਨਹੀਂ ਕਰਦੇ, ਤਾਂ ਵੱਖਰੀ ਤਰ੍ਹਾਂ ਦੇ ਨਤੀਜਿਆਂ ਦਾ ਵਾਅਦਾ ਹੈ।

ਜਦੋਂ ਨਵਾਂ ਨੇਮ ਤੋਬਾ ਕਰਨ ਬਾਰੇ ਗੱਲ ਕਰਦਾ ਹੈ ਤਾਂ ਇਸ ਦਾ ਅਸਲ ਅਰਥ ਹੈ "ਪਛਤਾਵਾ ਕਰਨਾ, ਪਸਚਾਤਾਪ ਕਰਨਾ।" **ਤੋਬਾ** ਦਾ ਸ਼ਾਬਦਿਕ ਅਰਥ ਹੈ "ਮੁੜ ਵਿਚਾਰ, ਮਨ ਦੀ ਤਬਦੀਲੀ," ਅਤੇ ਇਹ ਪਾਪ ਜਾਂ ਬੁਰਾਈ ਤੋਂ ਤੋਬਾ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ।

ਬਾਈਬਲ ਦੇ ਬਹੁਤ ਸਾਰੇ ਹਿੱਸੇ ਹਨ ਜੋ ਤੋਬਾ ਬਾਰੇ ਗੱਲ ਕਰਦੇ ਹਨ ਅਤੇ ਇੱਕ ਨਵੀਂ ਜ਼ਿੰਦਗੀ ਜੀਉਣ ਲਈ ਸਾਡਾ ਮਾਰਗਦਰਸ਼ਨ ਕਰਦੇ ਹਨ। ਇੱਥੇ ਕੁਝ ਸਪਸ਼ਟ ਹਿਦਾਇਤਾਂ ਹਨ ਜੋ ਯਿਸੂ ਨੇ ਸਾਨੂੰ ਦਿੱਤੀਆਂ ਹਨ।

*ਸੋ ਤੁਸੀਂ ਤੋਬਾ ਦੇ ਲਾਇਕ ਫਲ ਦਿਓ ਅਤੇ ਆਪਣੇ ਆਪ ਵਿੱਚ ਇਹ ਨਾ ਆਖਣ ਲੱਗੋ ਕਿ ਅਬਰਾਹਾਮ ਸਾਡਾ ਪਿਤਾ ਹੈ ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਭਈ ਪਰਮੇਸ਼ੁਰ ਅਬਰਾਹਾਮ ਦੇ ਲਈ ਇਨ੍ਹਾਂ ਪੱਥਰਾਂ ਵਿੱਚੋਂ ਬਾਲਕ ਪੈਦਾ ਕਰ ਸੱਕਦਾ ਹੈ* (ਲੂਕਾ 3:8)।

ਜਦੋਂ ਪੌਲੁਸ ਅਫ਼ਸੁਸ ਦੇ ਬਜ਼ੁਰਗਾਂ ਨੂੰ ਆਪਣਾ ਵਿਦਾਇਗੀ ਸੰਦੇਸ਼ ਦੇ ਰਿਹਾ ਸੀ ਤਾਂ ਉਸ ਨੇ ਇਸ ਵਿਸ਼ੇ 'ਤੇ ਧਿਆਨ ਦਿਵਾਉਂਦੇ ਹੋਏ ਕਿਹਾ, *ਅਤੇ ਮੈਂ ਯਹੂਦੀਆਂ ਅਤੇ ਯੂਨਾਨੀਆਂ ਦੇ ਸਾਹਮਣੇ ਸਾਖੀ ਦਿੱਤੀ ਕਿ ਪਰਮੇਸ਼ੁਰ ਦੇ ਅੱਗੇ ਤੋਬਾ ਕਰੋ ਅਰ ਸਾਡੇ ਪ੍ਰਭੁ ਯਿਸੂ ਮਸੀਹ ਉੱਤੇ ਨਿਹਚਾ ਕਰੋ* (ਰਸੂਲਾਂ ਦੇ ਕਰਤੱਬ 20:21)।

ਪੌਲੁਸ ਇਹ ਦੱਸਣਾ ਜਾਰੀ ਰੱਖਦਾ ਹੈ ਕਿ ਯਿਸੂ ਦੇ ਚੇਲੇ ਹੋਣ ਦਾ ਕੀ ਅਰਥ ਹੈ। ਇਹੀ ਕਲੀਸਿਆ ਦਾ ਮਿਸ਼ਨ ਸੀ, ਅਤੇ ਰਹੇਗਾ! *ਸਗੋਂ ਪਹਿਲਾਂ ਦੰਮਿਸਕ ਦੇ ਰਹਿਣ ਵਾਲਿਆਂ ਨੂੰ ਅਤੇ ਯਰੂਸ਼ਲਮ ਅਤੇ ਸਾਰੇ ਯਹੂਦਿਯਾ ਦੇਸ ਵਿੱਚ ਅਤੇ ਪਰਾਈਆਂ ਕੌਮਾਂ ਨੂੰ ਵੀ ਉਪਦੇਸ਼ ਕੀਤਾ ਭਈ ਤੋਬਾ ਕਰੋ ਅਤੇ ਪਰਮੇਸ਼ੁਰ ਦੀ ਵੱਲ ਮੁੜੋ ਅਤੇ ਤੋਬਾ ਦੇ ਲਾਇਕ ਕੰਮ ਕਰੋ* (ਰਸੂਲਾਂ ਦੇ ਕਰਤੱਬ 26:20)।

ਨਵੇਂ ਨੇਮ ਵਿੱਚ ਰਸੂਲਾਂ ਦੇ ਕਰਤੱਬ ਦੀ ਪੁਸਤਕ ਅਤੇ ਅਰੰਭਕ ਕਲੀਸਿਯਾਵਾਂ ਨੂੰ ਲਿਖੀਆਂ ਪੱਤ੍ਰੀਆਂ ਵਿੱਚ ਤੋਬਾ ਬਾਰੇ ਹੋਰ ਦੱਸਿਆ ਗਿਆ ਹੈ:

*ਜਾਂ ਉਨ੍ਹਾਂ ਏਹ ਗੱਲਾਂ ਸੁਣੀਆਂ ਤਾਂ ਚੁੱਪ ਹੋ ਗਏ ਅਤੇ ਇਹ ਕਹਿ ਕੇ ਪਰਮੇਸ਼ੁਰ ਦੀ ਵਡਿਆਈ ਕੀਤੀ ਕਿ ਤਦ ਤਾਂ ਪਰਮੇਸ਼ੁਰ ਨੇ ਪਰਾਈਆਂ ਕੌਮਾਂ ਨੂੰ ਭੀ ਜੀਉਣ ਲਈ ਤੋਬਾ ਬਖ਼ਸ਼ੀ ਹੈ!* (ਰਸੂਲਾਂ ਦੇ ਕਰਤੱਬ 11:18)।

Free Digital Copy From Servelow

*ਅਥਵਾ ਤੂੰ ਉਹ ਦੀ ਮਿਹਰਬਾਨੀ ਅਤੇ ਖਿਮਾ ਅਤੇ ਧੀਰਜ ਦੀ ਦੌਲਤ ਨੂੰ ਤੁੱਛ ਸਮਝਦਾ ਹੈਂ ਅਤੇ ਇਹ ਨਹੀਂ ਜਾਣਦਾ ਜੋ ਪਰਮੇਸ਼ੁਰ ਦੀ ਮਿਹਰਬਾਨੀ ਤੈਨੂੰ ਪਛਤਾਵੇ ਦੇ ਰਾਹ ਪਾਉਂਦੀ ਹੈ?* (ਰੋਮੀਆਂ 2:4)।

## ਪਰਮੇਸ਼ੁਰ ਦੀਆਂ ਹਿਦਾਇਤਾਂ ਦੀ ਪਾਲਣਾ ਕਰਨ ਦਾ ਕੀ ਅਰਥ ਹੈ

ਮੱਤੀ 4:17 ਵਿੱਚ ਯਿਸੂ ਦਾ ਤੋਬਾ ਕਰਨ ਦਾ ਸੱਦਾ ਪੁਰਾਣੇ ਨੇਮ ਵਾਂਗ ਸਾਰੀਆਂ ਕੌਮਾਂ ਦੇ ਲਈ ਨਹੀਂ, ਸਗੋਂ ਇਕੱਲੇ-ਇਕੱਲੇ ਵਿਅਕਤੀ ਦੇ ਲਈ ਹੈ। ਇਸ ਦਾ ਸੰਬੰਧ ਤੁਹਾਡੇ ਅਤੇ ਮੇਰੇ ਨਾਲ ਹੈ!

ਯਿਸੂ ਉਜਾੜੂ ਪੁੱਤਰ ਦੀ ਕਹਾਣੀ ਦੱਸਦਾ ਹੈ ਜਿਸ ਨੇ ਸਭ ਤੋਂ ਵਧੀਆ ਜਗ੍ਹਾ, ਅਰਥਾਤ ਆਪਣੇ ਘਰ ਵਿੱਚ ਸਭ ਤੋਂ ਭੈੜੀ ਪ੍ਰਾਰਥਨਾ ਕੀਤੀ: "ਮੈਨੂੰ ਦੇਵੋ, ਮੈਨੂੰ ਦੇਵੋ, ਮੈਨੂੰ ਦੇਵੋ!" ਸਾਲਾਂ ਤੱਕ ਆਪਣੀ ਮੀਰਾਸ ਦੀ ਦੁਰਵਰਤੋਂ ਕਰਨ ਤੋਂ ਬਾਅਦ, ਉਹ ਸੂਰਾਂ ਦੀ ਦੇਖਭਾਲ ਕਰਨ ਲੱਗ ਪਿਆ ਪਰ ਉਸ ਨੂੰ ਖਾਣ ਲਈ ਸੂਰਾਂ ਦਾ ਭੋਜਨ ਵੀ ਨਸੀਬ ਨਹੀਂ ਸੀ।

ਉਸ ਸਭ ਤੋਂ ਭੈੜੀ ਜਗ੍ਹਾ, ਅਰਥਾਤ ਸੂਰਾਂ ਦੇ ਵਾੜੇ ਵਿੱਚ ਉਸ ਨੇ ਸਭ ਤੋਂ ਵਧੀਆ ਪ੍ਰਾਰਥਨਾ ਕੀਤੀ, "ਮੈਂ ਯੋਗ ਨਹੀਂ ਹਾਂ।" ਇਹ ਤੋਬਾ ਦੀ ਇੱਕ ਸੱਚੀ ਪ੍ਰਾਰਥਨਾ ਸੀ, ਜਿਸ ਦੇ ਨਤੀਜੇ ਵਜੋਂ ਉਸ ਦੇ ਪਿਤਾ ਨੇ ਘਰ ਵਿੱਚ ਉਸ ਦਾ ਸਵਾਗਤ ਕੀਤਾ, ਜਿਵੇਂ ਸਾਡਾ ਸਵਰਗੀ ਪਿਤਾ ਸਾਡਾ ਸਵਾਗਤ ਕਰਦਾ ਹੈ ਜਦੋਂ ਅਸੀਂ ਤੋਬਾ ਕਰਦੇ ਹਾਂ।

ਵਿਸ਼ਵਾਸ ਦੇ ਨਾਲ-ਨਾਲ, *ਤੋਬਾ ਕਰੋ ਅਤੇ ਵਿਸ਼ਵਾਸ ਕਰੋ* ਦਾ ਅਰਥ ਹੈ ਨਿੱਜੀ ਤੌਰ 'ਤੇ ਪਾਪ ਦੇ ਕਾਰਣ ਉਦਾਸ ਹੋਣਾ ਅਤੇ ਟੁੱਟਾ ਹੋਇਆ ਮਨ। ਜਦੋਂ ਇਸ ਨੂੰ ਇਕੱਲੇ ਵਰਤਿਆ ਜਾਂਦਾ ਹੈ ਤਾਂ ਇਸ ਵਿੱਚ ਪਾਪ ਲਈ ਉਦਾਸ ਹੋਣਾ ਅਤੇ ਪਾਪਾਂ ਦੀ ਮਾਫ਼ੀ ਵਿੱਚ ਵਿਸ਼ਵਾਸ, ਦੋਵੇਂ ਸ਼ਾਮਲ ਹੁੰਦੇ ਹਨ, ਜਿਵੇਂ ਕਿ ਉਜਾੜੂ ਪੁੱਤਰ ਅਤੇ ਗੁਆਚੇ ਹੋਏ ਸਿੱਕੇ ਦੇ ਦ੍ਰਿਸ਼ਟਾਂਤ ਵਿੱਚ ਵਿਖਾਇਆ ਗਿਆ ਹੈ।

*ਮੈਂ ਤੁਹਾਨੂੰ ਆਖਦਾ ਹਾਂ ਜੋ ਇਸੇ ਤਰਾਂ ਸੁਰਗ ਵਿੱਚ ਇੱਕ ਤੋਬਾ ਕਰਨ ਵਾਲੇ ਪਾਪੀ ਦੇ ਕਾਰਨ ਨੜਿੰਨਵਿਆਂ ਧਰਮੀਆਂ ਨਾਲੋਂ ਜਿਨ੍ਹਾਂ ਨੂੰ ਤੋਬਾ ਕਰਨ ਦੀ ਲੋੜ ਨਹੀਂ ਬਹੁਤ ਖੁਸ਼ੀ ਹੋਵੇਗੀ* (ਲੂਕਾ 15:7)।

*ਕਿਉਂ ਜੋ ਪਰਮੇਸ਼ੁਰ ਜੋਗ ਉਦਾਸੀ ਮੁਕਤੀ ਲਈ ਅਜਿਹਾ ਤੋਬਾ ਪੈਦਾ ਕਰਦੀ ਹੈ ਜਿਸ ਤੋਂ ਕੋਈ ਨਹੀਂ ਪਛਤਾਉਂਦਾ ਪਰ ਸੰਸਾਰ ਦੀ ਉਦਾਸੀ ਮੌਤ ਨੂੰ ਪੈਦਾ ਕਰਦੀ ਹੈ* (2 ਕੁਰਿੰਥੀਆਂ 7:10)।

Free Digital Copy From Servelow

ਦੁਨਿਆਵੀ ਉਦਾਸੀ ਪਰਮੇਸ਼ੁਰ ਦੀ ਸ਼ਰਾ ਨੂੰ ਤੋੜਨ ਦੇ ਨਤੀਜੇ ਵਜੋਂ ਆਉਣ ਵਾਲੀ ਸਜ਼ਾ ਦੇ ਡਰ ਦਾ ਨਤੀਜਾ ਹੈ, ਅਤੇ ਲੋਕਾਂ ਦੇ ਮਨ ਵਿੱਚ ਇਸ ਤਰ੍ਹਾਂ ਦੀ ਉਦਾਸੀ ਮਸੀਹੀ ਬਣਨ ਤੋਂ ਪਹਿਲਾਂ ਆਉਂਦੀ ਹੈ। ਦੂਜੇ ਪਾਸੇ ਉਹ ਉਦਾਸੀ ਜਿਹੜੀ ਕੇਵਲ ਵਿਸ਼ਵਾਸੀ ਮਹਿਸੂਸ ਕਰਦੇ ਹਨ ਉਹ ਰੋਜ਼ਾਨਾ ਤੋਬਾ ਅਤੇ ਸ਼ੁੱਧਤਾ ਅਤੇ ਪਵਿੱਤਰਤਾ ਵੱਲ ਯਾਤਰਾ ਦਾ ਹਿੱਸਾ ਹੈ। ਉਨ੍ਹਾਂ ਦੀ ਉਦਾਸੀ ਸਜ਼ਾ ਦੇ ਡਰ ਦੇ ਕਾਰਣ ਨਹੀਂ ਹੁੰਦੀ, ਸਗੋਂ ਪਰਮੇਸ਼ੁਰ ਦੇ ਪ੍ਰਤੀ ਪ੍ਰੇਮ ਦੇ ਕਾਰਣ ਹੁੰਦੀ ਹੈ। ਪਰਮੇਸ਼ੁਰ ਦੇ ਬੱਚੇ ਇਹ ਸੋਚ ਕੇ ਟੁੱਟ ਜਾਂਦੇ ਹਨ ਕਿ ਉਨ੍ਹਾਂ ਨੇ ਪਰਮੇਸ਼ੁਰ ਦੇ ਵਿਰੁੱਧ ਕੰਮ ਕੀਤਾ ਹੈ ਅਤੇ ਆਪਣੇ ਪਾਪਾਂ ਦੇ ਦੁਆਰਾ ਉਸ ਨੂੰ ਦੁਖੀ ਕੀਤਾ ਹੈ। ਉਹ ਇਸ ਗੱਲ ਤੋਂ ਉਦਾਸ ਹੁੰਦੇ ਹਨ ਕਿ ਉਨ੍ਹਾਂ ਦੇ ਪਾਪਾਂ ਨੇ ਉਨ੍ਹਾਂ ਦੇ ਮੁਕਤੀਦਾਤੇ ਦੀ ਉਲੰਘਣਾ ਕੀਤੀ ਹੈ ਜਿਸ ਨੇ ਉਨ੍ਹਾਂ ਦੇ ਕਫ਼ਾਰੇ ਲਈ ਆਪਣੀ ਜਾਨ ਦਿੱਤੀ, ਜਿਵੇਂ ਕਿ 1 ਤਿਮੋਥਿਉਸ 2:6 ਕਹਿੰਦਾ ਹੈ: *ਜਿਹ ਨੇ ਆਪਣੇ ਆਪ ਨੂੰ ਸਭਨਾਂ ਲਈ ਪ੍ਰਾਸਚਿਤ ਕਰ ਕੇ ਦੇ ਦਿੱਤਾ ਅਤੇ ਉਹ ਦੀ ਸਾਖੀ ਆਪਣੇ ਵੇਲੇ ਸਿਰ ਹੋਈ।*

ਤੋਬਾ ਤੋਂ ਬਿਨਾਂ ਕੋਈ ਵੀ ਵਿਅਕਤੀ ਪਰਮੇਸ਼ੁਰ ਦੇ ਨਾਲ ਅਤੇ ਪਰਮੇਸ਼ੁਰ ਦੇ ਲਈ ਆਪਣਾ ਜੀਵਨ ਨਹੀਂ ਜੀ ਸਕਦਾ। *ਸੋ ਪਰਮੇਸ਼ੁਰ ਦੀ ਅੰਸ ਹੋ ਕੇ ਸਾਨੂੰ ਜੋਗ ਨਹੀਂ ਜੋ ਇਹ ਸਮਝੀਏ ਭਈ ਪਰਮੇਸ਼ੁਰ ਸੋਨੇ ਚਾਂਦੀ ਯਾ ਪੱਥਰ ਵਰਗਾ ਹੈ, ਜਿਹ ਨੂੰ ਮਨੁੱਖ ਦੀ ਹਥੌਟੀ ਅਤੇ ਮਨ ਨੇ ਘੜਿਆ ਹੈ ਪਰਮੇਸ਼ੁਰ ਨੇ ਅਣਜਾਣਪੁਣੇ ਦੇ ਸਮਿਆਂ ਵੱਲੋਂ ਅੱਖੀਆਂ ਫੇਰ ਲਈਆਂ ਸਨ ਪਰ ਹੁਣ ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਓਹ ਸਭ ਹਰੇਕ ਥਾਂ ਤੋਬਾ ਕਰਨ* (ਰਸੂਲਾਂ ਦੇ ਕਰਤੱਬ 17:29-30)।

ਪਰਮੇਸ਼ੁਰ ਚਾਹੁੰਦਾ ਹੈ ਕਿ ਕੋਈ ਵੀ ਉਸ ਤੋਂ ਬਿਨਾਂ ਅਨੰਤਕਾਲ ਨਾ ਬਿਤਾਵੇ। ਇਸੇ ਲਈ ਉਹ ਸਾਡੇ ਨਾਲ ਇੰਨਾ ਸਬਰ ਰੱਖਦਾ ਹੈ! *ਪ੍ਰਭੂ ਆਪਣੇ ਵਾਇਦੇ ਦਾ ਮੱਠਾ ਨਹੀਂ ਜਿਵੇਂ ਕਿੰਨੇ ਹੀ ਮੱਠੇ ਦਾ ਭਰਮ ਕਰਦੇ ਹਨ ਪਰ ਉਹ ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ* (2 ਪਤਰਸ 3:9)।

ਤੋਬਾ ਸਿਰਫ਼ ਝੂਠ ਬੋਲਣਾ, ਧੋਖਾ ਕਰਨਾ ਜਾਂ ਚੋਰੀ ਕਰਨ ਵਰਗੇ ਪਾਪੀ ਕੰਮਾਂ ਨੂੰ ਛੱਡਣਾ ਨਹੀਂ ਹੈ। ਇਹ ਸਿਰਫ਼ ਇਸ ਤਰ੍ਹਾਂ ਦੇ ਆਪਣੇ ਕੰਮਾਂ ਦੇ ਕਾਰਣ ਦੁਖੀ ਹੋਣਾ ਨਹੀਂ ਹੈ। ਇਹ ਕੁਝ ਅਜਿਹਾ ਨਹੀਂ ਹੈ ਜੋ ਤੁਸੀਂ ਆਪਣੇ ਅੰਦਰ ਬਦਲਾਵ ਲਿਆ ਕੇ ਆਪਣਾ ਸੁਧਾਰ ਕਰਨ ਦੇ ਦੁਆਰਾ ਆਪਣੇ ਆਪ ਕਰ ਸਕਦੇ ਹੋ।

ਇਸ ਦੀ ਬਜਾਏ, ਤੋਬਾ ਮਨ ਜਾਂ ਇੱਛਾ ਦੀ ਤਬਦੀਲੀ ਜਾਂ ਭਗਤੀਪੂਰਣ ਉਦਾਸੀ ਅਤੇ ਪਰਮੇਸ਼ੁਰ ਦੀ ਭਲਿਆਈ ਦੁਆਰਾ ਪੈਦਾ ਕੀਤੀ ਜਾਂਦੀ ਹੈ। ਇਸ ਦਾ ਨਤੀਜਾ ਇੱਕ ਬਦਲਿਆ

Free Digital Copy From Servelnow

ਹੋਇਆ ਜੀਵਨ ਹੈ, ਜਿਵੇਂ ਕਿ ਯਿਸੂ ਨੇ ਇੱਕ ਪਿਤਾ ਅਤੇ ਉਸ ਦੇ ਦੋ ਪੁੱਤਰਾਂ ਦੀ ਕਹਾਣੀ ਵਿੱਚ ਦਰਸਾਇਆ ਹੈ ਜਿਨ੍ਹਾਂ ਨੂੰ ਪਿਤਾ ਨੇ ਆਪਣੇ ਲਈ ਕੰਮ ਕਰਨ ਵਾਸਤੇ ਕਿਹਾ ਸੀ। *ਅਤੇ ਉਸ ਨੇ ਉੱਤਰ ਦਿੱਤਾ, ਮੇਰਾ ਜੀ ਨਹੀਂ ਕਰਦਾ ਪਰ ਪਿੱਛੋਂ ਪਛਤਾ ਕੇ ਗਿਆ* (ਮੱਤੀ 21:29)।

## ਉਹ ਸਾਧਨ ਜਿਨ੍ਹਾਂ ਦਾ ਇਸਤੇਮਾਲ ਪਰਮੇਸ਼ੁਰ ਤੋਬਾ ਲਈ ਕਾਇਲ ਕਰਨ ਵਾਸਤੇ ਕਰਦਾ ਹੈ: ਪਰਮੇਸ਼ੁਰ ਦਾ ਵਚਨ ਅਤੇ ਉਸ ਦੇ ਆਤਮਾ ਦੀ ਸਮਰੱਥਾ

ਅਫ਼ਸੀਆਂ 5:10 ਸਾਨੂੰ ਉਤਸ਼ਾਹਿਤ ਕਰਦੀ ਹੈ ਕਿ, *ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ।* ਅੱਗੇ ਚੱਲ ਕੇ, ਪੌਲੁਸ ਫੇਰ ਅਫ਼ਸੀਆਂ ਨੂੰ ਲਿਖਦਾ ਹੈ, *ਸੋ ਚੌਕਸੀ ਨਾਲ ਵੇਖੋ ਭਈ ਤੁਸੀਂ ਕਿੱਕੁਰ ਚੱਲਦੇ ਹੋ, ਨਿਰਬੁੱਧਾਂ ਵਾਂਙੁ ਨਹੀਂ ਸਗੋਂ ਬੁੱਧਵਾਨਾਂ ਵਾਂਙੁ ਆਪਣੇ ਲਈ ਸਮੇਂ ਨੂੰ ਲਾਭਦਾਇਕ ਕਰੋ ਇਸ ਲਈ ਜੋ ਦਿਨ ਬੁਰੇ ਹਨ। ਇਸ ਕਾਰਨ ਤੁਸੀਂ ਮੂਰਖ ਨਾ ਹੋਵੋ ਸਗੋਂ ਸਮਝੋ ਭਈ ਪ੍ਰਭੁ ਦੀ ਕੀ ਇੱਛਿਆ ਹੈ* (ਅਫ਼ਸੀਆਂ 5:15-17)।

ਤੋਬਾ ਦਾ ਰਾਹ ਲੱਭਣ ਤੋਂ ਜ਼ਿਆਦਾ ਮਹੱਤਵਪੂਰਣ ਹੋਰ ਕੁਝ ਵੀ ਨਹੀਂ ਹੈ। ਬੁਨਿਆਦੀ ਤੌਰ ਤੇ, ਇਤਿਹਾਸ ਦੀ ਸ਼ੁਰੂਆਤ ਵਿੱਚ ਮਨੁੱਖਜਾਤੀ ਦੇ ਪਤਨ ਤੋਂ ਬਾਅਦ ਇਹੀ ਉਹ ਚੀਜ਼ ਹੈ ਜਿਸ ਦੀ ਸਾਨੂੰ ਸਭ ਤੋਂ ਜ਼ਿਆਦਾ ਘਾਟ ਹੈ।

ਇਹ ਬਹੁਤ ਅਨੋਖੀ ਗੱਲ ਹੈ ਕਿ ਅਸੀਂ ਆਪਣੇ ਜੀਵਨ ਦੀਆਂ ਮੁਸ਼ਕਲਾਂ ਬਾਰੇ ਇੰਨੀ ਅਸਾਨੀ ਨਾਲ ਰੋਣ ਲੱਗਦੇ ਹਾਂ, ਅਰਥਾਤ ਉਨ੍ਹਾਂ ਗੱਲਾਂ ਬਾਰੇ ਜੋ ਸਾਡੇ ਨਾਲ ਵਾਪਰੀਆਂ ਹੁੰਦੀਆਂ ਹਨ, ਜਿਵੇਂ ਕਿ ਸਾਡੇ ਦੁੱਖ, ਸੋਗ ਅਤੇ ਨਿਰਾਸ਼ਾਵਾਂ। ਲੱਗਦਾ ਹੈ ਕਿ ਅਸੀਂ ਹਮੇਸ਼ਾ ਇਹੀ ਸੋਚਦੇ ਹਾਂ ਕਿ ਅਸੀਂ ਸਹੀ ਹਾਂ, ਅਤੇ ਇਹ ਭੁੱਲ ਜਾਂਦੇ ਹਾਂ ਕਿ ਅਸਲ ਵਿੱਚ ਸਾਨੂੰ ਆਪਣੇ ਜੀਵਨਾਂ ਲਈ ਰੋਣ ਦੀ ਲੋੜ ਹੈ।

ਆਪਣੇ ਅੰਦਰ ਅਸੀਂ ਆਤਮ-ਕੇਂਦਰਿਤ ਅਤੇ ਆਤਮ-ਧਰਮੀ ਹਾਂ। ਸਾਨੂੰ ਆਪਣੇ ਬਜਾਇ ਦੂਜਿਆਂ ਉੱਤੇ ਦੋਸ਼ ਲਾਉਣਾ ਚੰਗਾ ਲੱਗਦਾ ਹੈ। ਅਜਿਹੇ ਸਮੇਂ ਵੀ ਆਏ ਜਦੋਂ ਅਸੀਂ ਪਰਮੇਸ਼ੁਰ ਉੱਤੇ ਸਿਰਫ਼ ਇਸ ਕਰਕੇ ਦੋਸ਼ ਲਾਇਆ ਕਿਉਂਕਿ ਸਾਨੂੰ ਉਸ ਦੇ ਤਰੀਕੇ ਸਮਝ ਨਹੀਂ ਆਉਂਦੇ।

ਸਭ ਤੋਂ ਪਹਿਲਾਂ, ਸਾਨੂੰ ਇਹ ਅਹਿਸਾਸ ਕਰਨਾ ਜ਼ਰੂਰੀ ਹੈ ਕਿ ਅਸੀਂ ਤੋਬਾ ਦਾ ਅਨੁਭਵ ਨਹੀਂ ਕੀਤਾ ਹੈ। ਦੂਜੀ ਗੱਲ, ਅਸੀਂ ਤੋਬਾ ਆਪਣੇ ਆਪ ਪੈਦਾ ਨਹੀਂ ਕਰ ਸਕਦੇ। ਤੀਸਰੀ ਗੱਲ, ਸਾਨੂੰ ਪਵਿੱਤਰ ਆਤਮਾ ਨੂੰ ਕਹਿਣ ਦੀ ਲੋੜ ਹੈ ਕਿ ਉਹ ਸਾਡੇ ਨਾਲ ਗੱਲ ਕਰੇ। ਉਹ ਪਿਤਾ ਦਾ ਆਤਮਾ ਹੈ। ਉਹ ਯਿਸੂ ਦਾ ਆਤਮਾ ਹੈ। ਉਸ ਤੋਂ ਡਰਨ ਦੀ ਲੋੜ ਨਹੀਂ ਹੈ। ਉਹ ਸਾਡੇ ਦਿਲਾਂ ਨੂੰ

Free Digital Copy From Servelow

ਬਦਲ ਕੇ ਕੋਮਲ ਅਤੇ ਟੁੱਟੇ ਹੋਏ ਬਣਾ ਦੇਵੇਗਾ ਜਿਸ ਨਾਲ ਅਸੀਂ ਆਪਣੇ ਪਾਪਾਂ ਉੱਤੇ ਰੋਵਾਂਗੇ। ਇਹੀ ਸਾਡੇ ਅੰਦਰ ਪਰਮੇਸ਼ੁਰ ਦੀ ਕਿਰਪਾ ਦਾ ਕਾਰਜ ਹੈ।

ਯਿਸੂ ਨੇ ਸਲੀਬ ਉੱਤੇ ਸਾਡੇ ਲਈ ਸਭ ਕੁਝ ਕਰ ਦਿੱਤਾ ਹੈ! ਕੁਝ ਮਿੰਟਾਂ ਲਈ ਪੂਰੀ ਇਮਾਨਦਾਰੀ ਨਾਲ ਆਪਣੇ ਜੀਵਨ ਉੱਤੇ ਵਿਚਾਰ ਕਰੋ। ਪਵਿੱਤਰ ਆਤਮਾ ਨੂੰ ਤੁਹਾਡੇ ਨਾਲ ਉਨ੍ਹਾਂ ਗੱਲਾਂ ਬਾਰੇ ਗੱਲ ਕਰਨ ਦਿਓ ਜੋ ਤੁਹਾਨੂੰ ਲੱਗਦਾ ਹੈ ਕਿ ਸਿਰਫ਼ ਤੁਸੀਂ ਹੀ ਜਾਣਦੇ ਹੋ। ਉਹ ਜਾਣਦਾ ਹੈ! ਫਿਰ ਕੁਝ ਹੋਰ ਮਿੰਟ ਨਵੇਂ ਨੇਮ ਵਿੱਚੋਂ ਕਲਵਰੀ (ਗੁਲਗੱਥਾ) ਦੀ ਕਹਾਣੀ ਨੂੰ ਪੜ੍ਹਦੇ ਹੋਏ ਬਿਤਾਓ ਅਤੇ ਸੋਚੋ ਕਿ ਉ ਤੁਹਾਨੂੰ ਕਿਹੜੀਆਂ ਗੱਲਾਂ ਤੋਂ ਅਜ਼ਾਦ ਕਰਨ ਲਈ ਮਰਿਆ, ਉਹ ਸਾਰੀਆਂ ਗੱਲਾਂ ਜਿਹੜੀਆਂ ਤੁਹਾਡੇ ਅੰਦਰ ਕਿਤੇ ਨਾ ਕਿਤੇ ਤੁਹਾਨੂੰ ਪਰੇਸ਼ਾਨ ਕਰਦੀਆਂ ਹਨ। ਉਨ੍ਹਾਂ ਨੂੰ ਆਪਣੇ ਅੰਦਰ ਦੇ ਡੂੰਘੇ ਹਨੇਰੇ ਕੋਨਿਆਂ ਵਿੱਚੋਂ ਬਾਹਰ ਆਉਣ ਦਿਓ। ਫਿਰ ਉਨ੍ਹਾਂ ਗੱਲਾਂ ਨੂੰ ਛੱਡ ਕੇ ਉਸ ਦੀ ਵੱਲ ਮੁੜੋ ਜਿਹੜਾ ਤੁਹਾਡੇ ਲਈ ਸਲੀਬ ਚੜ੍ਹਾਇਆ ਗਿਆ ਸੀ। ਤੁਰੰਤ ਤੁਹਾਡਾ ਦੁਖ ਅਨੰਦ ਵਿੱਚ ਬਦਲ ਜਾਵੇਗਾ। ਇਹ ਪੂਰਾ ਹੋਇਆ! ਉਸ ਨੇ ਤੁਹਾਨੂ ਅਜ਼ਾਦ ਕਰ ਦਿੱਤਾ ਹੈ!

## ਪਰਮੇਸ਼ੁਰ ਦੀਆਂ ਹਿਦਾਇਤਾਂ ਦੀ ਪਾਲਣਾ ਕਰਨ ਦੇ ਨਤੀਜੇ

ਤੋਬਾ ਕਰਨ ਨਾਲ ਅਸਰਦਾਰ ਤਬਦੀਲੀ ਆਉਂਦੀ ਹੈ। ਉਦਾਹਰਣ ਵਜੋਂ, ਜਿਨ੍ਹਾਂ ਨੇ ਮਸੀਹ ਨੂੰ ਸਲੀਬ 'ਤੇ ਚੜ੍ਹਾਇਆ ਸੀ ਉਨ੍ਹਾਂ ਵਿੱਚੋਂ ਕੁਝ ਲੋਕ ਬਾਅਦ ਵਿੱਚ ਮਸੀਹੀ ਬਣ ਗਏ ਜਿਨ੍ਹਾਂ ਸਲੀਬ 'ਤੇ ਚੜ੍ਹਾਏ ਗਏ ਯਿਸੂ ਦੀ ਅਰਾਧਨਾ ਅਤੇ ਸੇਵਾ ਕੀਤੀ! ਜਦੋਂ ਉਨ੍ਹਾਂ ਨੇ ਪੰਤੇਕੁਸਤ ਦੇ ਦਿਨ ਤੋਬਾ ਦਾ ਸੰਦੇਸ਼ ਸੁਣਿਆ, ਤਾਂ ਉਨ੍ਹਾਂ ਨੇ ਆਪਣੇ ਪਾਪਾਂ ਨੂੰ ਛੱਡ ਕੇ ਮਸੀਹ ਉੱਤੇ ਵਿਸ਼ਵਾਸ ਕਰ ਲਿਆ ਅਤੇ ਕਲੀਸਿਯਾ ਵਿੱਚ ਸ਼ਾਮਲ ਹੋ ਗਏ।

ਸੌਲੁਸ, ਜਿਸਨੇ ਮਸੀਹੀਆਂ ਨੂੰ ਸਤਾਇਆ ਸੀ ਅਤੇ ਉਨ੍ਹਾਂ ਵਿੱਚੋਂ ਕਈਆਂ ਦੀ ਹੱਤਿਆ ਨੂੰ ਯਕੀਨੀ ਬਣਾਇਆ ਸੀ, ਉਹ ਯਿਸੂ ਮਸੀਹ ਦਾ ਸੇਵਕ ਬਣ ਗਿਆ ਅਤੇ ਪੌਲੁਸ ਵਜੋਂ ਜਾਣਿਆ ਗਿਆ। ਕਿਸ ਗੱਲ ਨੇ ਉਸ ਨੂੰ ਬਦਲਿਆ? ਉਸ ਨੇ ਤੋਬਾ ਕੀਤੀ।

ਜਿਸ ਜੇਲ੍ਹ ਵਿੱਚ ਪੌਲੁਸ ਅਤੇ ਸੀਲਾਸ ਕੈਦ ਸਨ ਉੱਥੋਂ ਦਾ ਫ਼ਿਲਿੱਪੀ ਜੇਲ੍ਹਰ ਇੱਕ ਗੈਰ-ਜਾਤੀ ਸੀ। ਅੱਧੀ ਰਾਤ ਨੂੰ ਆਏ ਇੱਕ ਭੁਚਾਲ ਤੋਂ ਬਾਅਦ ਜਿਸ ਨਾਲ ਕੈਦੀ ਰਿਹਾ ਹੋ ਗਏ, ਉਸ ਦਾ ਦਿਲ ਬਦਲ ਗਿਆ। ਉਸ ਨੇ ਆਪਣੀ ਜ਼ਿੰਦਗੀ ਵਿੱਚ ਤੋਬਾ ਦੇ ਅਸਰਦਾਰ ਨਤੀਜਿਆਂ ਦਾ ਅਨੁਭਵ ਕੀਤਾ।

Free Digital Copy From Servelnow

ਮੈਨੂੰ ਉਹ ਸ਼ਰਾਬੀ ਮਲਾਹ ਯਾਦ ਹੈ ਜੋ ਉਸ ਕਲੀਸਿਯਾ ਦੀਆਂ ਸਭਾਵਾਂ ਵਿੱਚ ਆਉਂਦਾ ਹੁੰਦਾ ਸੀ ਜਿੱਥੇ ਮੈਂ ਵੱਡਾ ਹੋਇਆ ਸੀ। ਉਹ ਸਭਾਵਾਂ ਵਿੱਚ ਵਿਘਨ ਪਾਉਂਦਾ ਹੁੰਦਾ ਸੀ। ਜਦੋਂ ਲੋਕ ਟੈਟੂ ਬਣਾਉਣਾ ਚੰਗਾ ਨਹੀਂ ਮੰਨਦੇ ਸਨ ਉਸ ਸਮੇਂ ਹੀ ਉਸ ਦੀਆਂ ਬਾਹਾਂ ਟੈਟੂਆਂ ਨਾਲ ਭਰੀਆਂ ਹੋਈਆਂ ਸਨ। ਉਹ ਰੁੱਖਾ ਸੀ ਅਤੇ ਉਸ ਦੇ ਕੋਲੋਂ ਅਕਸਰ ਬਦਬੂ ਆਉਂਦੀ ਸੀ। ਪਰ ਇੱਕ ਦਿਨ ਪਰਮੇਸ਼ੁਰ ਦੇ ਆਤਮਾ ਨੇ ਉਸ ਨੂੰ ਛੂਹ ਲਿਆ। ਉਸ ਨੇ ਆਪਣੀ ਪੂਰੀ ਪੁਰਾਣੀ ਜੀਵਨਸ਼ੈਲੀ ਨੂੰ ਅਲਵਿਦਾ ਕਹਿ ਦਿੱਤਾ (ਉਸ ਨੇ ਤੋਬਾ ਕਰ ਲਈ) ਅਤੇ ਮਸੀਹ ਵੱਲ ਮੁੜ ਆਇਆ।

ਤੋਬਾ ਅੱਜ ਵੀ ਵਿਅਕਤੀ ਦੇ ਜੀਵਨ ਵਿੱਚ ਵੱਡੇ ਬਦਲਾਅ ਲਿਆਉਂਦੀ ਹੈ। ਜੇਕਰ ਤੁਸੀਂ ਝੂਠ ਬੋਲਣ ਦੇ ਆਦੀ ਰਹੇ ਹੋ, ਤਾਂ ਤੁਸੀਂ ਅਚਾਨਕ ਸੱਚ ਬੋਲਣਾ ਪਸੰਦ ਕਰਨ ਲੱਗੋਗੇ, ਕਿਉਂਕਿ ਸੱਚਾਈ ਦੇ ਭਰੇ ਮਨੁੱਖ ਨੇ ਤੁਹਾਨੂੰ ਬਦਲ ਦਿੱਤਾ ਹੈ। ਜੇਕਰ ਤੁਹਾਡੀ ਛੋਟੀਆਂ-ਛੋਟੀਆਂ ਚੀਜ਼ਾਂ ਵੀ ਚੋਰੀ ਕਰਨ ਦੀ ਆਦਤ ਰਹੀ ਹੈ, ਤਾਂ ਤੁਸੀਂ ਉਹ ਸਭ ਕੁਝ ਬਦਲ ਦੇਣਾ ਚਾਹੋਗੇ ਜੋ ਅਸਲ ਵਿੱਚ ਤੁਹਾਡਾ ਨਹੀਂ ਹੈ, ਭਾਵੇਂ ਸਾਮਾਨ ਹੋਵੇ ਜਾਂ ਪੈਸੇ ਨਾਲ ਖਰੀਦੀਆਂ ਚੀਜ਼ਾਂ — ਇੱਥੋਂ ਤੱਕ ਕਿ ਤੁਸੀਂ ਟੈਕਸ ਅਧਿਕਾਰੀਆਂ ਨੂੰ ਟੈਕਸ ਵੀ ਵਾਪਸ ਕਰੋਗੇ! ਜ਼ੱਕੀ ਨੂੰ ਯਾਦ ਕਰੋ, ਉਹ ਟੈਕਸ ਵਸੂਲਣ ਵਾਲਾ ਛੋਟਾ ਜਿਹਾ ਆਦਮੀ ਜੋ ਦਰੱਖਤ ਦੀ ਟਾਹਣੀ ਤੋਂ ਯਿਸੂ ਨੂੰ ਵੇਖ ਰਿਹਾ ਸੀ। ਉਸ ਨੇ ਲੋਕਾਂ ਤੋਂ ਧੋਖੇ ਨਾਲ ਲਏ ਗਏ ਪੈਸੇ ਦਾ ਚਾਰ ਗੁਣਾ ਵਾਪਸ ਦੇਣ ਦਾ ਫੈਸਲਾ ਕੀਤਾ। ਇਹ ਤੋਬਾ ਦਾ ਨਤੀਜਾ ਹੈ।

ਜਦੋਂ ਪਵਿੱਤਰ ਆਤਮਾ ਕਾਇਲ ਕਰਦਾ ਹੈ, ਤਾਂ ਪਾਪ ਤੁਹਾਡੇ ਲਈ ਸਪੱਸ਼ਟ ਹੋ ਜਾਂਦਾ ਹੈ। ਜਦੋਂ ਸੱਚਮੁੱਚ ਤੋਬਾ ਦਾ ਅਨੁਭਵ ਕੀਤਾ ਜਾਂਦਾ ਹੈ ਤਾਂ ਫਿਰ ਤੁਸੀਂ ਇਹ ਨਹੀਂ ਕਹਿੰਦੇ, "ਜੇ ਮੈਂ ਪਾਪ ਕੀਤਾ ਹੈ" ਜਾਂ "ਮੈਨੂੰ ਅਫ਼ਸੋਸ ਤਾਂ ਹੈ ਕਿ ਮੈਂ ਪਾਪ ਕੀਤਾ ਹੈ ਪਰ ਕੀ ਇਹ ਮਜ਼ੇਦਾਰ ਨਹੀਂ ਸੀ!" ਤੋਬਾ ਸਾਡੀ ਸ਼ਖਸੀਅਤ ਦੇ ਕਣ-ਕਣ ਉੱਤੇ ਅਸਰ ਪਾਉਂਦੀ ਹੈ ਅਤੇ ਤੁਹਾਨੂੰ ਸੱਚਮੁੱਚ ਇੱਕ ਅਜਿਹੇ ਵਿਅਕਤੀ ਵਜੋਂ ਬਦਲ ਸਕਦੀ ਹੈ ਜੋ ਪਰਮੇਸ਼ੁਰ ਦੇ ਵਚਨ ਨੂੰ ਪ੍ਰਾਪਤ ਕਰਦਾ ਹੈ ਅਤੇ ਪਿਆਰ ਕਰਦਾ ਹੈ ਅਤੇ ਹਰ ਕੀਮਤ 'ਤੇ ਇਸ ਦੀ ਪਾਲਣਾ ਕਰਦਾ ਹੈ।

ਤੋਬਾ ਵਿੱਚ ਮਨ ਜਾਂ ਇੱਛਾ ਦੀ ਤਬਦੀਲੀ ਸ਼ਾਮਲ ਹੈ। ਪਰਮੇਸ਼ੁਰ ਸਾਡੀ ਸੋਚ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਨਿਯੰਤਰਿਤ ਕਰਦਾ ਹੈ। *ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇੱਕ ਉੱਚੀ*

Free Digital Copy From Servelow

*ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ ਹਰ ਇੱਕ ਖ਼ਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ* (2 ਕੁਰਿੰਥੀਆਂ 10:5)।

ਯਿਸੂ ਦੀਆਂ ਸਭ ਤੋਂ ਪਹਿਲੀਆਂ ਹਿਦਾਇਤਾਂ ਦੀ ਪਾਲਣਾ ਕਰਨਾ ਅਤੇ ਰੋਜ਼ਾਨਾ ਮਨ, ਦਿਸ਼ਾ ਅਤੇ ਦਿਲ ਦੀ ਤਬਦੀਲੀ ਦਾ ਅਨੁਭਵ ਕਰਨਾ ਕਿੰਨੀ ਖੁਸ਼ੀ ਦੀ ਗੱਲ ਹੈ।

## ਤੋਬਾ ਦੇ ਨਤੀਜੇ

### *ਸਾਡੇ ਅੰਦਰ ਇੱਕ ਨਵੀਂ ਭੁੱਖ ਪੈਦਾ ਹੋ ਜਾਂਦੀ ਹੈ*

*ਨਵਿਆਂ ਜੰਮਿਆਂ ਹੋਇਆਂ ਬੱਚਿਆਂ ਵਾਂਗਰ ਆਤਮਕ ਅਤੇ ਖਾਲਸ ਦੁੱਧ ਦੀ ਲੋਚ ਕਰੋ ਭਈ ਤੁਸੀਂ ਓਸ ਨਾਲ ਮੁਕਤੀ ਲਈ ਵਧਦੇ ਜਾਓ* (1 ਪਤਰਸ 2:2)।

*ਤੇਰੇ ਫ਼ਰਮਾਨਾਂ ਨਾਲ ਮੈਨੂੰ ਸਮਝ ਮਿਲਦੀ ਹੈ, ਏਸ ਲਈ ਮੈਂ ਹਰ ਝੂਠੇ ਮਾਰਗ ਤੋਂ ਵੈਰ ਰੱਖਦਾ ਹਾਂ। ਤੇਰਾ ਬਚਨ ਮੇਰੇ ਪੈਰਾਂ ਲਈ ਦੀਪਕ, ਅਤੇ ਮੇਰੇ ਰਾਹ ਦਾ ਚਾਨਣ ਹੈ* (ਜ਼ਬੂਰਾਂ ਦੀ ਪੋਥੀ 119:104-105)।

*ਜਦੋਂ ਉਹ ਦੀ ਈਸ਼ੁਰੀ ਸਮਰੱਥਾ ਨੇ ਸੱਭੋ ਕੁਝ ਜੋ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ ਸਾਨੂੰ ਓਸੇ ਦੇ ਗਿਆਨ ਦੇ ਦੁਆਰਾ ਦਿੱਤਾ ਹੈ ਜਿਹ ਨੇ ਆਪਣੇ ਹੀ ਪਰਤਾਪ ਅਤੇ ਗੁਣ ਨਾਲ ਸਾਨੂੰ ਸੱਦਿਆ, ਜਿਨ੍ਹਾਂ ਦੇ ਰਾਹੀਂ ਉਹ ਨੇ ਸਾਨੂੰ* ***ਅਮੋਲਕ ਅਤੇ ਵੱਡੇ ਵੱਡੇ ਵਾਇਦੇ*** *ਦਿੱਤੇ ਹਨ ਭਈ ਤੁਸੀਂ ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ ਉਨ੍ਹਾਂ ਦੇ ਦੁਆਰਾ ਈਸ਼ੁਰੀ ਸੁਭਾਉ ਵਿੱਚ ਸਾਂਝੀ ਹੋ ਜਾਓ* (2 ਪਤਰਸ 1:3-4)।

### *ਅਸੀਂ ਇੱਕ ਨਿਰੰਤਰ ਜਾਰੀ ਪ੍ਰਕਿਰਿਆ ਦਾ ਹਿੱਸਾ ਬਣ ਜਾਂਦੇ ਹਾਂ*

ਜਦੋਂ ਅਸੀਂ ਪਹਿਲੀ ਵਾਰ ਮਸੀਹ ਨੂੰ ਪਾਇਆ ਤਾਂ ਸਾਨੂੰ ਇਸ ਬਾਰੇ ਗੱਲ ਕਰਨਾ, ਇਸ ਬਾਰੇ ਗਾਉਣਾ ਅਤੇ ਇਸ ਬਾਰੇ ਉਸ ਦੀ ਉਸਤਤ ਕਰਨਾ ਬਹੁਤ ਪਸੰਦ ਸੀ। ਪਰ ਬਾਅਦ ਵਿੱਚ ਅਸੀਂ ਇਸ ਸੰਸਾਰ ਦੀਆਂ ਚਿੰਤਾਵਾਂ ਦੇ ਬੋਝ ਹੇਠ ਦੱਬ ਗਏ। ਰੁਝੇਵਿਆਂ ਨੇ ਹੌਲੀ-ਹੌਲੀ "ਤੇਰੇ ਜਿਹਾ ਪਰਮੇਸ਼ੁਰ ਕੌਣ ਹੈ, ਜੋ ਸਾਡੇ ਪਾਪਾਂ ਨੂੰ ਮਾਫ਼ ਕਰਦਾ ਹੈ," ਇਸ ਤਰ੍ਹਾਂ ਦੀਆਂ ਭਾਵਨਾਵਾਂ ਦੀ ਖੁਸ਼ੀ ਦਾ ਗਲਾ ਘੁੱਟ ਦਿੱਤਾ।

Free Digital Copy From Servelnow

ਅਸੀਂ ਆਪਣੇ ਆਪ ਨੂੰ ਉਸੇ ਤਰ੍ਹਾਂ ਸਵੀਕਾਰ ਕਰਨਾ ਸ਼ੁਰੂ ਕਰ ਦਿੱਤਾ ਜਿਵੇਂ ਅਸੀਂ ਸੀ, ਆਪਣੇ ਪਾਪਾਂ ਅਤੇ ਕਮਜ਼ੋਰੀਆਂ ਨਾਲ ਜਕੜੇ ਹੋਏ। ਸਾਨੂੰ ਰੋਜ਼ਾਨਾ ਦੀ ਤੋਬਾ ਜਾਂ ਮੁਕਤੀਦਾਤਾ ਦੇ ਸ਼ੁੱਧੀਕਰਨ ਦੇ ਕੰਮ ਬਾਰੇ ਕੁਝ ਨਹੀਂ ਪਤਾ ਸੀ। ਇਸ ਲਈ ਅਸੀਂ ਬਿਨਾਂ ਅਹਿਸਾਸ ਕੀਤੇ, ਉਸ ਰਸਤੇ 'ਤੇ ਹੋਰ ਅਤੇ ਹੋਰ ਅੱਗੇ ਵਧਦੇ ਗਏ ਜੋ ਸਾਨੂੰ ਮਸੀਹ ਤੋਂ ਦੂਰ ਲੈ ਗਿਆ।

ਯਿਸੂ ਲਈ ਸਾਡਾ ਪਿਆਰ ਠੰਡਾ ਹੁੰਦਾ ਗਿਆ। ਸਿਰਫ਼ ਉਨ੍ਹਾਂ ਲੋਕਾਂ ਦੇ ਦਿਲਾਂ ਵਿੱਚ ਹੀ ਯਿਸੂ ਦੇ ਪਿਆਰ ਦੀ ਅੱਗ ਬਲ ਰਹੀ ਹੈ ਜੋ ਦੁੱਖ ਅਤੇ ਸੱਚੇ ਪਛਤਾਵੇ ਨੂੰ ਮਹਿਸੂਸ ਕਰਦੇ ਹਨ ਅਤੇ ਜਿਨ੍ਹਾਂ ਨੂੰ ਮਾਫ਼ੀ ਪ੍ਰਾਪਤ ਹੋ ਗਈ ਹੈ। ਰੋਜ਼ਾਨਾ ਤੋਬਾ ਤੋਂ ਬਿਨਾਂ ਜੀਵਨ ਆਤਮਿਕ ਤੌਰ 'ਤੇ ਕੰਗਾਲ ਹੁੰਦਾ ਹੈ। ਇਸ ਵਿੱਚ ਕੋਈ ਖੁਸ਼ੀ ਜਾਂ ਤਾਕਤ ਨਹੀਂ ਹੁੰਦੀ ਅਤੇ ਅਕਸਰ ਆਤਮਿਕ ਫਲ ਦੀ ਘਾਟ ਹੁੰਦੀ ਹੈ। ਅਜਿਹੀ ਜ਼ਿੰਦਗੀ ਦੇ ਲਈ ਸਵਰਗ "ਨੇੜੇ" ਨਹੀਂ ਹੁੰਦਾ।

## *ਪਵਿੱਤਰ ਆਤਮਾ, ਮੈਂ ਤੇਰੇ ਬਿਨਾਂ ਕੁਝ ਵੀ ਨਹੀਂ ਹਾਂ*

ਸਾਲਾਂ ਦੌਰਾਨ ਮੈਂ ਦੇਖਿਆ ਹੈ ਕਿ ਆਪਣੇ ਦਿਲ ਨੂੰ ਕਠੋਰ ਅਤੇ ਸਖ਼ਤ ਬਣਾ ਲੈਣਾ ਕਿੰਨਾ ਆਸਾਨ ਹੈ। ਇਹ ਅਜਿਹੀ ਪਰੇਸ਼ਾਨੀ ਨੂੰ ਲਿਆਉਂਦਾ ਹੈ ਜਿਸ ਦੀ ਵਜ੍ਹਾ ਵੀ ਪਤਾ ਨਹੀਂ ਲੱਗਦੀ। ਕਠੋਰ ਦਿਲ ਆਤਮਿਕ ਮੌਤ ਵੱਲ ਲੈ ਜਾਂਦੇ ਹਨ! ਮੈਂ ਆਪਣੇ ਇੱਕ ਸਲਾਹਕਾਰ ਲਈ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ ਜਿਸ ਨੇ ਇੱਕ ਵਾਰ ਮੈਨੂੰ ਕਿਹਾ ਸੀ, "ਲਾਰਸ, ਦਿਨ ਦੀ ਸ਼ੁਰੂਆਤ ਇਸ ਪ੍ਰਾਰਥਨਾ ਨਾਲ ਕਰੋ, 'ਪਵਿੱਤਰ ਆਤਮਾ, ਮੈਂ ਆਪਣੀ ਜ਼ਿੰਦਗੀ ਵਿੱਚ ਯਿਸੂ ਦੀ ਸਮਰੱਥਾ ਤੋਂ ਬਿਨਾਂ ਕੁਝ ਵੀ ਨਹੀਂ ਹਾਂ। ਮੈਨੂੰ ਮੇਰੇ ਦਿਲ ਦੀਆਂ ਡੂੰਘਾਈਆਂ ਵਿੱਚੋਂ ਦਿਖਾ ਕਿ ਉਹ ਕੀ ਹੈ ਜੋ ਤੈਨੂੰ ਦੁਖੀ ਕਰ ਰਿਹਾ ਹੈ। ਮੈਂ ਇਸ ਤੋਂ ਤੋਬਾ ਕਰਦਾ ਹਾਂ, ਪ੍ਰਭੂ, ਅਤੇ ਤੇਰੀ ਸਮਰੱਥਾ  ਨਾਲ ਇਸ ਨੂੰ ਠੀਕ ਕਰਨ ਲਈ ਜੋ ਕਰਨਾ ਪਵੇ ਮੈਂ ਉਹ ਕਰਾਂਗਾ।'" ਇਹ ਉਸ ਟੁੱਟੇ ਦਿਲ ਵੱਲ ਪਹਿਲਾ ਕਦਮ ਹੈ ਜਿਸ ਦਾ ਜ਼ਿਕਰ ਜ਼ਬੂਰਾਂ ਦੇ ਲੇਖਕ ਨੇ ਕੀਤਾ। ਇਹ ਨਾ ਸਿਰਫ਼ ਮੇਰੇ ਲਈ ਸਗੋਂ ਹਰ ਕਿਸੇ ਲਈ ਰੋਜ਼ਾਨਾ ਦੀ ਪ੍ਰਾਰਥਨਾ ਹੋਣੀ ਚਾਹੀਦੀ ਹੈ।

ਤੋਬਾ ਹੀ ਇੱਕੋ ਇੱਕ ਫਾਟਕ ਹੈ ਜਿਸ ਰਾਹੀਂ ਖੁਸ਼ਖਬਰੀ ਪ੍ਰਾਪਤ ਕੀਤੀ ਜਾਂਦੀ ਹੈ। ਹਾਂ, ਮੁਕਤੀ ਸਿਰਫ਼ ਕਿਰਪਾ ਦੁਆਰਾ ਹੈ, ਪਰ ਤੋਬਾ ਪਰਮੇਸ਼ੁਰ ਤੋਂ ਉਸ ਦੀ ਮਾਫ਼ੀ ਪ੍ਰਾਪਤ ਕਰਨ ਦੀ ਸ਼ਰਤ ਅਤੇ ਮਸੀਹ ਵਿੱਚ ਇੱਕ ਭਰਪੂਰ ਜੀਵਨ ਦਾ ਇੱਕੋ ਇੱਕ ਦਰਵਾਜ਼ਾ ਹੈ। ਜਦੋਂ ਤੁਸੀਂ ਉਸ ਦੀ ਮਾਫ਼ੀ ਪ੍ਰਾਪਤ ਕਰਦੇ ਹੋ ਤਾਂ ਤੁਸੀਂ ਮੁਕਤੀ ਦੀ ਸੱਚੀ ਖੁਸ਼ੀ ਦਾ ਅਨੁਭਵ

Free Digital Copy from Servelnow

ਕਰਦੇ ਹੋ ਅਤੇ ਤੁਹਾਡੀ ਜ਼ਿੰਦਗੀ ਫਿਰ ਕਦੇ ਤੁਹਾਡੇ ਆਲੇ ਦੁਆਲੇ ਦੇ ਗੈਰ-ਮਸੀਹੀਆਂ ਵਰਗੀ ਦਿਖਾਈ ਨਹੀਂ ਦੇਵੇਗੀ।

# ਟੁੱਟਾਪਣ

## ਟੁੱਟੇਪਣ ਨਾਲ ਇੱਕ ਜਾਣ-ਪਛਾਣ

ਪਰਮੇਸ਼ੁਰ ਆਪਣੇ ਲੋਕਾਂ ਉੱਤੇ ਆਪਣੀ ਮੌਜੂਦਗੀ ਅਤੇ ਮਹਿਮਾ ਪ੍ਰਗਟ ਕਰਨਾ ਚਾਹੁੰਦਾ ਹੈ। ਉਹ ਸਾਡੇ ਦਿਲਾਂ ਨੂੰ ਆਪਣੇ ਪਿਆਰ ਅਤੇ ਆਪਣੇ ਆਤਮਾ ਨਾਲ ਭਰਨਾ ਚਾਹੁੰਦਾ ਹੈ। ਉਹ ਸਾਡੀ ਜ਼ਿੰਦਗੀ ਦੀ ਸੁੱਕੀ, ਪਿਆਸੀ ਜ਼ਮੀਨ 'ਤੇ ਆਪਣੀ ਕਿਰਪਾ ਡੋਲ੍ਹਣਾ ਚਾਹੁੰਦਾ ਹੈ। ਉਹ ਸਾਡੇ ਦਿਲਾਂ ਵਿੱਚ ਪਿਆਰ ਦੀ ਉਸ ਪਹਿਲੀ ਅੱਗ ਨੂੰ ਬਹਾਲ ਕਰਨਾ ਚਾਹੁੰਦਾ ਹੈ, ਟੁੱਟੇ ਹੋਏ ਰਿਸ਼ਤਿਆਂ ਨੂੰ ਠੀਕ ਕਰਨਾ ਚਾਹੁੰਦਾ ਹੈ ਅਤੇ ਸਾਡੀ ਜ਼ਿੰਦਗੀ ਦੇ ਉਨ੍ਹਾਂ ਸਾਰੇ ਹਿੱਸਿਆਂ ਨੂੰ ਅਜ਼ਾਦ ਕਰਨਾ ਚਾਹੁੰਦਾ ਹੈ ਜਿਨ੍ਹਾਂ ਵਿੱਚ ਮੁਰੰਮਤ ਦੀ ਲੋੜ ਹੈ। ਇਹ ਸਭ ਟੁੱਟੇਪਣ ਅਤੇ ਦੀਨਤਾ ਤੋਂ ਸ਼ੁਰੂ ਹੁੰਦਾ ਹੈ।

ਟੁੱਟਣ ਦੁਆਰਾ ਅਸੀਂ ਇੱਕ ਪਵਿੱਤਰ ਪਰਮੇਸ਼ੁਰ ਦੇ ਨੇੜੇ ਆ ਸਕਦੇ ਹਾਂ। ਇਹ ਲਗਭਗ ਉਸ ਹਰ ਸਥਿਤੀ ਲਈ ਪਰਮੇਸ਼ੁਰ ਦਾ ਹੱਲ ਹੈ ਜਿਸ ਨੇ ਮਨੁੱਖੀ ਦਿਲਾਂ ਅਤੇ ਰਿਸ਼ਤਿਆਂ ਨੂੰ ਬਿਮਾਰ ਕਰ ਛੱਡਿਆ ਹੈ। ਸਾਡੇ ਵਿੱਚੋਂ ਜ਼ਿਆਦਾਤਰ ਲੋਕ ਇਕੱਲਤਾ, ਡਰ, ਤਬਾਹ ਹੋਏ ਰਿਸ਼ਤਿਆਂ, ਖੁੱਲ੍ਹ ਕੇ ਗੱਲਬਾਤ ਕਰਨ ਦੀਆਂ ਮੁਸ਼ਕਲਾਂ, ਪੀੜ੍ਹੀਆਂ ਵਿਚਲੇ ਅੰਤਰ ਅਤੇ ਪਰਿਵਾਰਾਂ ਵਿਚਲੇ ਸੰਘਰਸ਼, ਅਣਸੁਲਝੇ ਝਗੜਿਆਂ, ਦੋਸ਼-ਭਾਵਨਾ, ਸ਼ਰਮਿੰਦਗੀ, ਬੁਰਿਆਂ ਆਦਤਾਂ, ਪਖੰਡ, ਆਪਣੇ ਅੰਦਰ ਦੇ ਸੰਘਰਸ਼ਾਂ ਨਾਲ ਜੂਝਦੇ ਹਨ। ਇਸ ਤਰ੍ਹਾਂ ਦੇ ਸਾਰੇ ਮਸਲਿਆਂ ਦੀ ਜੜ੍ਹ ਵਿੱਚ ਹੰਕਾਰ ਹੈ। ਇਨ੍ਹਾਂ ਸਭਨਾਂ ਨੂੰ ਸੱਚੇ ਟੁੱਟੇਪਣ ਅਤੇ ਦੀਨਤਾ ਦੁਆਰਾ ਢਹਿਢੇਰੀ ਕੀਤਾ ਜਾ ਸਕਦਾ ਹੈ।

ਕੀ ਤੁਹਾਨੂੰ ਆਪਣੀ ਜ਼ਿੰਦਗੀ ਵਿੱਚ ਪਰਮੇਸ਼ੁਰ ਦੀ ਕਿਰਪਾ ਦੀ ਨਵੇਂ ਸਿਰਿਓਂ ਲੋੜ ਹੈ? ਕੀ ਤੁਸੀਂ ਭਰਪੂਰ ਜੀਵਨ ਦਾ ਅਨੁਭਵ ਕਰਨ, ਅਲੌਕਿਕਤਾ ਦੇ ਖੇਤਰ ਵਿੱਚ ਜੀਉਣ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਆਤਮਾ ਦੇ ਖੁੱਲ੍ਹੇ ਪ੍ਰਵਾਹ ਦਾ ਆਨੰਦ ਲੈਣ ਲਈ ਤਰਸਦੇ ਹੋ? ਕੀ ਤੁਸੀਂ ਉਨ੍ਹਾਂ ਸਵਾਰਥੀ ਤੌਰ-ਤਰੀਕਿਆਂ ਤੋਂ ਮੁਕਤ ਹੋਣਾ ਚਾਹੁੰਦੇ ਹੋ ਜੋ ਤੁਹਾਡੇ ਚਾਲ-ਚਲਣ ਉੱਤੇ ਬੁਰਾ ਅਸਰ ਪਾਉਂਦੇ ਅਤੇ ਤੁਹਾਡੇ ਰਿਸ਼ਤਿਆਂ ਵਿੱਚ ਜ਼ਹਿਰ ਘੋਲਦੇ ਹਨ?

ਪੁਰਾਣੇ ਨੇਮ ਦਾ ਨਬੀ ਯਿਰਮਿਯਾਹ ਇਹ ਜਾਣਦਾ ਸੀ ਕਿ ਪਰਮੇਸ਼ੁਰ ਲਈ ਦਿਲ ਹੀ ਮਾਇਨੇ ਰੱਖਦਾ ਹੈ ਅਤੇ ਜੇਕਰ ਦਿਲ ਬਿਮਾਰ ਹੈ ਤਾਂ ਸਾਰਾ ਸਰੀਰ ਮੁਸੀਬਤ ਵਿੱਚ ਹੈ।

Free Digital Copy From Servelnow

ਪਰਮੇਸ਼ੁਰ ਦੇ ਵਚਨ ਵਿੱਚ ਦਿਲ ਦੇ 70 ਤੋਂ ਵੱਧ ਹਵਾਲੇ ਹਨ। *ਪਰ ਏਸ ਪਰਜਾ ਦਾ ਦਿਲ ਜ਼ਿੱਦੀ ਅਤੇ ਆਕੀ ਹੈ, ਓਹ ਇੱਕ ਪਾਸੇ ਹੋ ਕੇ ਚੱਲੇ ਗਏ* (ਯਿਰਮਿਯਾਹ 5:23)। *ਹੇ ਯਰੂਸ਼ਲਮ, ਤੂੰ ਆਪਣੇ ਦਿਲ ਨੂੰ ਬੁਰਿਆਈ ਤੋਂ ਧੋ, ਭਈ ਤੂੰ ਬਚਾਇਆ ਜਾਵੇਂ। ਕਿੰਨਾ ਚਿਰ ਤੇਰੇ ਬੁਰੇ ਖਿਆਲ ਤੇਰੇ ਮਨ ਵਿੱਚ ਰਹਿਣਗੇ?* (ਯਿਰਮਿਯਾਹ 4:14)। ਯਿਸੂ ਨੇ ਵੀ ਇਸੇ ਤਰੀਕੇ ਨਾਲ ਗੱਲਾਂ ਕੀਤੀਆਂ। *ਹੇ ਕਪਟੀਓ! ਯਸਾਯਾਹ ਨੇ ਤੁਹਾਡੇ ਵਿਖੇ ਠੀਕ ਅਗੰਮ ਵਾਕ ਕੀਤਾ ਹੈ ਕਿ ਏਹ ਲੋਕ ਆਪਣੇ ਬੁੱਲਾਂ ਨਾਲ ਮੇਰਾ ਆਦਰ ਕਰਦੇ ਹਨ, ਪਰ ਇਨ੍ਹਾਂ ਦਾ ਦਿਲ ਮੈਥੋਂ ਦੂਰ ਹੈ। ਓਹ ਵਿਰਥਾ ਮੇਰੀ ਉਪਾਸਨਾ ਕਰਦੇ ਹਨ, ਓਹ ਮਨੁੱਖਾਂ ਦੇ ਹੁਕਮਾਂ ਦੀ ਸਿਖਿਆ ਦਿੰਦੇ ਹਨ* (ਮੱਤੀ 15:7-9)।

ਇੰਜੀਲ ਦੀ ਖੁਸ਼ਖਬਰੀ ਇਹ ਹੈ ਕਿ ਯਿਸੂ ਨੇ ਸਾਡੇ ਧੋਖੇਬਾਜ਼, ਬਿਮਾਰ ਦਿਲਾਂ ਲਈ ਇੱਕ ਇਲਾਜ ਪ੍ਰਦਾਨ ਕੀਤਾ ਹੈ। ਆਪਣੀ ਮੌਤ ਅਤੇ ਪੁਨਰ-ਉਥਾਨ ਦੁਆਰਾ ਉਸ ਨੇ ਨਬੀ ਹਿਜ਼ਕੀਏਲ ਦੇ ਲਿਖੇ ਸ਼ਬਦਾਂ ਨੂੰ ਪੂਰਾ ਕੀਤਾ। *ਤਦੋਂ ਤੁਹਾਡੇ ਉੱਤੇ ਨਿਰਮਲ ਜਲ ਛਿੜਕਾਂਗਾ ਅਤੇ ਤੁਸੀਂ ਸ਼ੁੱਧ ਹੋਵੋਗੇ ਅਤੇ ਮੈਂ ਤੁਹਾਨੂੰ ਤੁਹਾਡੀ ਸਾਰੀ ਅਸ਼ੁੱਧਤਾਈ ਤੋਂ ਅਤੇ ਤੁਹਾਡੀਆਂ ਸਾਰੀਆਂ ਮੂਰਤੀਆਂ ਤੋਂ ਤੁਹਾਨੂੰ ਸ਼ੁੱਧ ਕਰਾਂਗਾ ਅਤੇ ਮੈਂ ਤੁਹਾਨੂੰ ਨਵਾਂ ਦਿਲ ਦਿਆਂਗਾ ਅਤੇ ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ ਅਤੇ ਤੁਹਾਡੇ ਮਾਸ ਵਿੱਚੋਂ ਪੱਥਰ ਦਾ ਦਿਲ ਕੱਢ ਲਵਾਂਗਾ ਅਤੇ ਮਾਸ ਦਾ ਦਿਲ ਤੁਹਾਨੂੰ ਬਖ਼ਸ਼ਾਂਗਾ ਅਤੇ ਮੈਂ ਆਪਣਾ ਆਤਮਾ ਤੁਹਾਡੇ ਵਿੱਚ ਦਿਆਂਗਾ ਅਤੇ ਤੁਹਾਨੂੰ ਆਪਣੀਆਂ ਬਿਧੀਆਂ ਉੱਤੇ ਚਲਾਵਾਂਗਾ ਅਤੇ ਤੁਸੀਂ ਮੇਰੇ ਨਿਆਂਵਾਂ ਦੀ ਪਾਲਨਾ ਕਰੋਗੇ ਅਤੇ ਉਨ੍ਹਾਂ ਤੇ ਅਮਲ ਕਰੋਗੇ* (ਹਿਜ਼ਕੀਏਲ 36:25-27)।

ਆਪਣੀ ਸ਼ੁਰੂਆਤੀ ਸੇਵਕਾਈ ਵਿੱਚ, ਲੰਡਨ ਦੇ ਇੱਕ ਚਰਚ ਵਿੱਚ ਮੇਰਾ ਦਫ਼ਤਰ ਰਾਏ ਹੇਸਨ ਦੇ ਦਫ਼ਤਰ ਦੇ ਨਾਲ ਹੀ ਸੀ, ਜੋ ਆਪਣੀ ਕਾਨਫਰੰਸ ਸੇਵਕਾਈ ਲਈ ਮਸ਼ਹੂਰ ਹਨ ਅਤੇ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ 'ਕਲਵਰੀ ਰੋਡ' ਦੇ ਲੇਖਕ ਹਨ। ਇਸ ਵਿੱਚ ਉਨ੍ਹਾਂ ਨੇ ਲਿਖਿਆ, "ਟੁੱਟਣਾ ਬੇਦਾਰੀ ਦੀ ਸ਼ੁਰੂਆਤ ਹੈ। ਇਹ ਦਰਦਨਾਕ ਹੈ, ਇਹ ਅਪਮਾਨਜਨਕ ਹੈ, ਪਰ ਇਹੀ ਜਾਣ ਦਾ ਇੱਕੋ ਇੱਕ ਰਸਤਾ ਹੈ।"

ਇੰਝ ਜਾਪਦਾ ਹੈ ਕਿ ਪਰਮੇਸ਼ੁਰ ਸਾਡੇ ਤੋਂ ਦੂਰ ਵੀ ਹੈ ਅਤੇ ਸਾਡੇ ਨੇੜੇ ਵੀ: *ਮਹਾਨ ਅਤੇ ਉੱਤਮ ਪੁਰਖ ਜੋ ਸਦਾ ਕਾਇਮ ਹੈ, ਜਿਸ ਦਾ ਨਾਮ ਪਵਿੱਤਰ ਹੈ, ਇਉਂ ਆਖਦਾ ਹੈ, ਮੈਂ ਉੱਚੇ ਅਤੇ ਪਵਿੱਤ੍ਰ ਅਸਥਾਨ ਵਿੱਚ ਵੱਸਦਾ ਹਾਂ, ਉਹ ਦੇ ਨਾਲ ਵੀ ਜਿਹ ਦਾ ਆਤਮਾ ਕੁਚਲਿਆ ਤੇ ਅੱਡ਼ਾ ਹੈ, ਭਈ ਮੈਂ ਅੱੜਿਆਂ ਦੇ ਆਤਮਾ ਨੂੰ ਜਿਵਾਵਾਂ, ਕੁਚਲਿਆਂ ਹੋਇਆਂ ਦੇ ਦਿਲ ਨੂੰ ਜਿਵਾਵਾਂ*

Free Digital Copy From Servelow

(ਯਸਾਯਾਹ 57:15)। ਰਾਜਾ ਦਾਊਦ, ਜਿਸ ਨੂੰ ਪਰਮੇਸ਼ੁਰ ਦੀ ਅੱਖ ਦੀ ਕਾਕੀ ਕਿਹਾ ਗਿਆ, ਜਦੋਂ ਉਹ ਪਰਮੇਸ਼ੁਰ ਦੇ ਸਨਮੁੱਖ ਟੁੱਟਾ ਹੋਇਆ ਸੀ ਤਾਂ ਉਸ ਸਮੇਂ ਉਸ ਨੇ ਇਹ ਸ਼ਬਦ ਲਿਖੇ, *ਹੇ ਪਰਮੇਸ਼ੁਰ, ਮੇਰੇ ਲਈ ਇੱਕ ਪਾਕ ਮਨ ਉਤਪੰਨ ਕਰ, ਅਤੇ ਮੇਰੇ ਅੰਦਰ ਨਵੇਂ ਸਿਰੇ ਤੋਂ ਸਥਿਰ ਆਤਮਾ ਵੀ। ਮੈਨੂੰ ਆਪਣੇ ਹਜ਼ੂਰੋਂ ਨਾ ਧੱਕ, ਅਤੇ ਆਪਣਾ ਪਵਿੱਤਰ ਆਤਮਾ ਮੈਥੋਂ ਨਾ ਲੈ!* (ਜ਼ਬੂਰਾਂ ਦੀ ਪੋਥੀ 51:10-11)।

ਤੁਸੀਂ ਕਦੇ ਵੀ ਉਦੋਂ ਤਕ ਪਰਮੇਸ਼ੁਰ ਦੀ ਬੇਦਾਰੀ ਦਾ ਅਨੁਭਵ ਨਹੀਂ ਕਰੋਗੇ ਜਦੋਂ ਤੱਕ ਤੁਸੀਂ ਪਹਿਲਾਂ ਟੁੱਟੇਪਣ ਦਾ ਅਨੁਭਵ ਨਹੀਂ ਕਰਦੇ। ਯੂਰਪ ਵਿੱਚ ਬੇਦਾਰੀ ਦੇ ਇੱਕ ਪ੍ਰਸਿੱਧ ਦੌਰ ਦੇ ਦੌਰਾਨ ਜਿਸ ਨੂੰ ਵੈਲਸ਼ ਬੇਦਾਰੀ ਕਿਹਾ ਜਾਂਦਾ ਹੈ, ਇੱਕ ਆਗੂ ਨੇ ਜਦੋਂ ਕਿਸੇ ਦੀ ਇਹ ਪ੍ਰਾਰਥਨਾ ਸੁਣੀ, “ਹੇ ਪ੍ਰਭੂ, ਸਾਨੂੰ ਝੁਕਾ,” ਤਾਂ ਉਹ ਆਪ ਵੀ ਪੁਕਾਰ ਉੱਠਿਆ, “ਹੇ ਪ੍ਰਭੂ, ਮੈਨੂੰ ਝੁਕਾ।”

*ਪਰਮੇਸ਼ੁਰ ਦੇ ਨੇੜੇ ਜਾਓ ਤਾਂ ਉਹ ਤੁਹਾਡੇ ਨੇੜੇ ਆਵੇਗਾ । ਹੇ ਪਾਪੀਓ, ਆਪਣੇ ਹੱਥ ਸ਼ੁੱਧ ਕਰੋ ਅਤੇ ਹੇ ਦੁਚਿੱਤਿਓ, ਆਪਣੇ ਦਿਲਾਂ ਨੂੰ ਪਵਿੱਤਰ ਕਰੋ। ਦੁਖੀ ਹੋਵੋ, ਸੋਗ ਕਰੋ ਅਤੇ ਰੋਵੋ । ਤੁਹਾਡਾ ਹਾਸਾ ਸੋਗ ਨਾਲ ਅਤੇ ਤੁਹਾਡਾ ਅਨੰਦ ਉਦਾਸੀ ਨਾਲ ਬਦਲ ਜਾਵੇ। ਪ੍ਰਭੂ ਦੇ ਅੱਗੇ ਨੀਵੇਂ ਬਣੋ ਤਾਂ ਉਹ ਤੁਹਾਨੂੰ ਉੱਚਿਆਂ ਕਰੇਗਾ* (ਯਾਕੂਬ 4:8-10)।

## ਟੁੱਟੇਪਣ ਦੀਆਂ ਸ਼ਰਤਾਂ

ਟੁੱਟਣਾ ਕੋਈ ਅਹਿਸਾਸ ਜਾਂ ਭਾਵਨਾ ਨਹੀਂ ਹੈ। ਇਸ ਦੇ ਲਈ ਆਪਣੀ ਇੱਛਾ ਨਾਲ ਚੋਣ ਅਤੇ ਕਾਰਵਾਈ ਕਰਨ ਦੀ ਲੋੜ ਹੁੰਦੀ ਹੈ। ਇਹ ਸਿਰਫ਼ ਇੱਕ ਵਾਰ ਦਾ ਅਨੁਭਵ ਨਹੀਂ ਹੈ, ਸਗੋਂ ਸਾਡੇ ਜੀਵਨ ਦੀ ਜੀਵਨ ਭਰ ਦੀ ਤਬਦੀਲੀ ਹੈ।

ਟੁੱਟਾਪਣ ਸਾਡੀ ਸਵੈ-ਇੱਛਾ ਦਾ ਟੁੱਟਣਾ ਹੈ। ਜਦੋਂ ਅਸੀਂ ਆਮ ਤੌਰ ’ਤੇ “ਨਹੀਂ, ਪ੍ਰਭੂ!” ਕਹਿੰਦੇ ਹਾਂ, ਉਸ ਦੀ ਜਗ੍ਹਾ ਇਹ “ਹਾਂ, ਪ੍ਰਭੂ” ਕਹਿਣਾ ਹੈ।

ਪੁਰਾਣਾ ਨੇਮ *ਕੁਚਲੇ* ਸ਼ਬਦ ਦੀ ਵਰਤੋਂ ਕਰਦਾ ਹੈ, ਜੋ ਕਿ ਇੱਕ ਸਖ਼ਤ ਚੱਟਾਨ ਨੂੰ ਪੀਸ ਕੇ ਬਰੀਕ ਪਾਊਡਰ ਵਿੱਚ ਬਦਲਣ ਦਾ ਸੰਕੇਤ ਹੈ। ਉਹ ਕੀ ਹੈ ਜੋ ਪਰਮੇਸ਼ੁਰ ਤੋੜਨਾ ਚਾਹੁੰਦਾ ਹੈ? ਉਹ ਸਾਡੀ ਸਵੈ-ਇੱਛਾ ਹੈ।

ਟੁੱਟੇਪਣ ਦਾ ਮਤਲਬ ਹੈ ਪਰਮੇਸ਼ੁਰ ਤੋਂ ਅਜ਼ਾਦ ਹੋ ਕੇ ਜੀਉਣ ਤੋਂ ਸੱਖਣੇ ਕੀਤੇ ਜਾਣਾ। ਟੁੱਟਾਪਣ ਸਾਡੇ ਦਿਲ ਦੀ ਕਠੋਰ ਜ਼ਮੀਨ ਨੂੰ ਨਰਮ ਕਰਨਾ ਹੈ ਤਾਂ ਜੋ ਪਰਮੇਸ਼ੁਰ ਦਾ ਬੀਜ ਇਸ ਵਿੱਚ ਡਿੱਗ ਕੇ ਫਲ ਦੇ ਸਕੇ। ਇਹ ਇੱਕ ਦੋਹਰਾ ਰਿਸ਼ਤਾ ਹੈ...ਪਹਿਲਾਂ ਪਰਮੇਸ਼ੁਰ ਨਾਲ ਅਤੇ ਫਿਰ

Free Digital Copy From Servelnow

ਆਪਣੇ ਸੰਗੀ ਵਿਸ਼ਵਾਸੀਆਂ ਨਾਲ। *ਪਰ ਜੇ ਅਸੀਂ ਚਾਨਣ ਵਿੱਚ ਚੱਲੀਏ ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀ ਸੰਗਤ ਹੈ ਅਤੇ ਉਹ ਦੇ ਪੁੱਤ੍ਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ* (1 ਯੂਹੰਨਾ 1:7)। ਸਾਡੇ ਜੀਵਨ ਉਸ ਦੇ ਸਾਹਮਣੇ ਖੁੱਲ੍ਹੇ ਹਨ, ਅਤੇ ਨਾਲ ਹੀ ਉਨ੍ਹਾਂ ਦੇ ਸਾਹਮਣੇ ਵੀ ਜਿਨ੍ਹਾਂ ਦੇ ਨਾਲ ਅਸੀਂ ਇਕੱਠੇ ਹਾਂ, ਇਸ ਲਈ ਚਾਨਣ ਵਿੱਚ ਚੱਲੋ।

ਪੁਰਾਣੇ ਨੇਮ ਵਿੱਚ ਦੋ ਰਾਜਿਆਂ, ਸ਼ਾਊਲ ਅਤੇ ਦਾਊਦ ਦੀ ਕਹਾਣੀ ਹੈ। ਦੋਵੇਂ ਆਦਮੀ ਪਾਪੀ ਸਨ, ਦੋਵਾਂ ਨੇ ਗੰਭੀਰ ਗਲਤੀਆਂ ਕੀਤੀਆਂ। ਹਾਲਾਂਕਿ, ਸ਼ਾਊਲ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੀ ਆਵਾਜ਼ ਪ੍ਰਤੀ ਘਮੰਡੀ ਸੀ ਅਤੇ ਸੰਵੇਦਨਸ਼ੀਲ ਨਹੀਂ ਸੀ, ਜਦੋਂ ਕਿ ਦਾਊਦ ਆਪਣੀ ਜ਼ਿੰਦਗੀ ਦੇ ਕਾਰਣ ਟੁੱਟਿਆ ਹੋਇਆ ਸੀ ਅਤੇ ਉਸ ਨੇ ਪਰਮੇਸ਼ੁਰ ਤੋਂ ਮਾਫ਼ੀ ਮੰਗੀ ਅਤੇ ਉਸਨੂੰ ਸ਼ੁੱਧ ਕਰਨ ਲਈ ਕਿਹਾ।

ਨਵੇਂ ਨੇਮ ਵਿੱਚ ਅਸੀਂ ਦੋ ਆਦਮੀਆਂ ਬਾਰੇ ਪੜ੍ਹਦੇ ਹਾਂ ਜੋ ਪ੍ਰਾਰਥਨਾ ਕਰਨ ਲਈ ਹੈਕਲ ਵਿੱਚ ਗਏ ਸਨ। *ਦੋ ਮਨੁੱਖ ਪ੍ਰਾਰਥਨਾ ਕਰਨ ਲਈ ਹੈਕਲ ਵਿੱਚ ਆਏ, ਇੱਕ ਫ਼ਰੀਸੀ ਅਤੇ ਦੂਆ ਮਸੂਲੀਆ। ਫ਼ਰੀਸੀ ਨੇ ਖਲੋ ਕੇ ਆਪਣੇ ਜੀ ਵਿੱਚ ਇਉਂ ਪ੍ਰਾਰਥਨਾ ਕੀਤੀ ਕਿ ਹੇ ਪਰਮੇਸ਼ੁਰ ਮੈਂ ਤੇਰਾ ਸ਼ੁਕਰ ਕਰਦਾ ਹਾਂ ਭਈ ਮੈਂ ਹੋਰਨਾਂ ਵਾਂਙੁ ਨਹੀਂ ਹਾਂ ਜੋ ਲੁਟੇਰੇ, ਕੁਧਰਮੀ ਅਤੇ ਜ਼ਨਾਹਕਾਰ ਹਨ ਅਤੇ ਨਾ ਇਸ ਮਸੂਲੀਏ ਵਰਗਾ ਹਾਂ! ਮੈਂ ਸਾਤੇ ਵਿੱਚ ਦੋ ਵਾਰੀ ਵਰਤ ਰੱਖਦਾ ਹਾਂ ਅਤੇ ਆਪਣੀ ਸਾਰੀ ਕਮਾਈ ਵਿੱਚੋਂ ਦਸੌਂਧ ਦਿੰਦਾ ਹਾਂ,*

*ਪਰ ਉਸ ਮਸੂਲੀਏ ਨੇ ਕੁਝ ਫ਼ਰਕ ਨਾਲ ਖੜੋ ਕੇ ਐੱਨਾ ਵੀ ਨਾ ਚਾਹਿਆ ਜੋ ਆਪਣੀਆਂ ਅੱਖੀਆਂ ਅਕਾਸ਼ ਦੀ ਵੱਲ ਚੁੱਕੇ ਸਗੋਂ ਆਪਣੀ ਛਾਤੀ ਪਿੱਟਦਾ ਅਤੇ ਏਹ ਕਹਿੰਦਾ ਸੀ ਕਿ ਹੇ ਪਰਮੇਸ਼ੁਰ ਮੈਂ ਪਾਪੀ ਉੱਤੇ ਦਯਾ ਕਰ! ਮੈਂ ਤੁਹਾਨੂੰ ਆਖਦਾ ਹਾਂ ਜੋ ਉਹ ਨਹੀਂ ਪਰ ਇਹ ਧਰਮੀ ਠਹਿਰ ਕੇ ਆਪਣੇ ਘਰ ਗਿਆ ਕਿਉਂਕਿ ਹਰੇਕ ਜੋ ਆਪਣੇ ਆਪ ਨੂੰ ਉੱਚਾ ਕਰਦਾ ਹੈ ਸੋ ਨੀਵਾਂ ਕੀਤਾ ਜਾਵੇਗਾ ਪਰ ਜੋ ਆਪ ਨੂੰ ਨੀਵਾਂ ਕਰਦਾ ਹੈ ਸੋ ਉੱਚਾ ਕੀਤਾ ਜਾਵੇਗਾ।* (ਲੂਕਾ 18:10-14)।

ਬਾਈਬਲ ਇਸ ਕਥਨ ਉੱਤੇ ਜ਼ੋਰ ਦਿੰਦੀ ਹੈ: *ਸੱਚੀ ਮੁੱਚੀ ਠੱਠਾ ਕਰਨ ਵਾਲਿਆਂ ਉੱਤੇ ਉਹ ਠੱਠਾ ਮਾਰਦਾ ਹੈ, ਪਰ ਮਸਕੀਨਾਂ ਉੱਤੇ ਉਹ ਕਿਰਪਾ ਕਰਦਾ ਹੈ* (ਕਹਾਉਤਾਂ 3:34)। *ਭਾਵੇਂ ਯਹੋਵਾਹ ਮਹਾਨ ਹੈ, ਤਾਂ ਵੀ ਉਹ ਹੀਣਿਆਂ ਨੂੰ ਵੇਖਦਾ ਹੈ, ਪਰ ਹੰਕਾਰੀਆਂ ਨੂੰ ਦੂਰੋਂ ਜਾਣ ਲੈਂਦਾ ਹੈ!* (ਜ਼ਬੂਰਾਂ ਦੀ ਪੋਥੀ 138:6)।

Free Digital Copy From Servelow

## *ਆਪਣੇ ਜੀਵਨ ਨੂੰ ਹਾਸਲ ਕਰਨ ਦਾ ਇੱਕੋ ਇੱਕ ਤਰੀਕਾ ਇਸ ਨੂੰ ਤਿਆਗਣਾ ਹੈ*

ਸੱਚੀ ਭਗਤੀ ਟੁੱਟੇਪਣ ਅਤੇ ਦੀਨ ਬਣਨ ਨਾਲ ਸ਼ੁਰੂ ਹੁੰਦੀ ਹੈ। ਆਪਣੇ ਪਾਪਾਂ ’ਤੇ ਅਫ਼ਸੋਸ ਕਰਨਾ ਤੋਬਾ ਵੱਲ ਲੈ ਜਾਂਦਾ ਹੈ, ਜੋ ਬਦਲੇ ਵਿੱਚ ਮਾਫ਼ੀ ਵੱਲ ਲੈ ਜਾਂਦਾ ਹੈ; ਮਾਫ਼ੀ ਪਰਮੇਸ਼ੁਰ ਨੂੰ ਪਿਆਰ ਕਰਨ ਅਤੇ ਉਸ ਦੀ ਅਰਾਧਨਾ ਕਰਨ ਦੀ ਆਜ਼ਾਦੀ ਵੱਲ ਲੈ ਜਾਂਦੀ ਹੈ। ਜਦੋਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਉਹ ਕੌਣ ਹੈ, ਉਸ ਨੇ ਕੀ ਕੀਤਾ ਹੈ ਅਤੇ ਉਹ ਕਿਵੇਂ ਚਾਹੁੰਦਾ ਹੈ ਕਿ ਅਸੀਂ ਜੀਵੀਏ, ਤਾਂ ਇਹ ਟੁੱਟੇਪਣ ਵੱਲ ਲੈ ਜਾਂਦਾ ਹੈ।

## *ਪਰਮੇਸ਼ੁਰ ਘਟਨਾਵਾਂ ਅਤੇ ਟੁੱਟੇ ਹੋਏ ਲੋਕਾਂ ਨੂੰ ਇਸਤੇਮਾਲ ਕਰਦਾ ਹੈ*

ਪੁਰਾਣੇ ਨੇਮ ਵਿੱਚ ਅਸੀਂ ਨਬੀ ਯਿਰਮਿਯਾਹ ਬਾਰੇ ਪੜ੍ਹਦੇ ਹਾਂ ਜਿਸ ਨੂੰ ਪਰਮੇਸ਼ੁਰ ਨੇ ਘੁਮਿਆਰ ਦੇ ਘਰ ਜਾਣ ਲਈ ਕਿਹਾ ਸੀ। *ਉੱਠ ਅਤੇ ਘੁਮਿਆਰ ਦੇ ਘਰ ਨੂੰ ਉਤਰ ਜਾਹ। ਉੱਥੇ ਮੈਂ ਤੈਨੂੰ ਆਪਣੀਆਂ ਗੱਲਾਂ ਸੁਣਾਵਾਂਗਾ ਤਾਂ ਮੈਂ ਘੁਮਿਆਰ ਦੇ ਘਰ ਨੂੰ ਉਤਰ ਗਿਆ ਅਤੇ ਵੇਖੋ, ਉਹ ਆਪਣੇ ਚੱਕ ਉੱਤੇ ਕੰਮ ਕਰ ਰਿਹਾ ਸੀ। ਉਹ ਭਾਂਡਾ ਜਿਹੜਾ ਉਹ ਮਿੱਟੀ ਦਾ ਬਣਾਉਂਦਾ ਸੀ ਘੁਮਿਆਰ ਦੇ ਹੱਥ ਵਿੱਚ ਵਿਗੜ ਗਿਆ। ਤਦ ਉਹ ਨੇ ਮੁੜ ਉਸ ਤੋਂ ਇੱਕ ਦੂਜਾ ਭਾਂਡਾ ਬਣਾਇਆ ਜਿਵੇਂ ਉਹ ਦੀ ਨਿਗਾਹ ਵਿੱਚ ਚੰਗਾ ਲੱਗਾ* (ਯਿਰਮਿਯਾਹ 18:2-4)।

ਨਵੇਂ ਨੇਮ ਵਿੱਚ ਅਸੀਂ ਇੱਕ ਔਰਤ ਬਾਰੇ ਪੜ੍ਹਦੇ ਹਾਂ ਜੋ ਯਿਸੂ ਨੂੰ ਮਸਹ ਕਰਨ ਲਈ ਮਹਿੰਗੇ ਅਤਰ ਨਾਲ ਭਰੀ ਸੰਗਮਰਮਰ ਦੀ ਇੱਕ ਸ਼ੀਸ਼ੀ ਲੈ ਕੇ ਆਈ। ਯਿਸੂ ਨੂੰ ਆਪਣੀ ਉਹ ਕੀਮਤੀ ਚੀਜ਼ ਅਰਪਣ ਕਰਨ ਲਈ ਉਸ ਨੂੰ ਇਸ ਨੂੰ ਤੋੜਨਾ ਅਤੇ ਡੋਲ੍ਹਣਾ ਪਿਆ।

ਯਿਸੂ ਨੂੰ ਫੜਵਾਉਣ ਤੋਂ ਇੱਕ ਰਾਤ ਪਹਿਲਾਂ ਉਸ ਨੇ ਆਪਣੇ ਚੇਲਿਆਂ ਨਾਲ ਈਸਟਰ ਦੇ ਭੋਜਨ ਦੀ ਰਸਮ ਪੂਰੀ ਕੀਤੀ। ਭੋਜਨ ਦੌਰਾਨ ਉਸ ਨੇ ਰੋਟੀ ਲਈ ਅਤੇ ਇਸ ਨੂੰ ਤੋੜ ਕੇ ਕਿਹਾ, *ਇਹ ਮੇਰਾ ਸਰੀਰ ਹੈ ਜੋ ਤੁਹਾਡੇ ਲਈ ਤੋੜਿਆ ਗਿਆ ਹੈ।*

ਥੋੜ੍ਹੇ ਸਮੇਂ ਬਾਅਦ, ਉਸ ਨੂੰ ਸਲੀਬ ’ਤੇ ਟੰਗ ਦਿੱਤਾ ਗਿਆ, ਉਸ ਦਾ ਸਰੀਰ ਤੋੜਿਆ ਗਿਆ ਅਤੇ ਸਾਡੇ ਪਾਪਾਂ ਦੀ ਮਾਫ਼ੀ ਲਈ ਉਸ ਦਾ ਖ਼ੂਨ ਵਹਾਇਆ ਗਿਆ।

Free Digital Copy From Servelow

## ਟੁੱਟੇਪਣ ਲਈ ਪਰਮੇਸ਼ੁਰ ਦੀ ਪਹਿਲਕਦਮੀ ਅਤੇ ਸਾਡੇ ਪ੍ਰਤੀਉੱਤਰ ਦੀ ਜ਼ਰੂਰਤ ਹੁੰਦੀ ਹੈ

ਪਰਮੇਸ਼ੁਰ ਆਪਣੇ ਵਚਨ ਅਤੇ ਆਪਣੇ ਆਤਮਾ ਰਾਹੀਂ ਸਾਡੇ ਨਾਲ ਗੱਲ ਕਰਦਾ ਹੈ। ਜਦੋਂ ਆਤਮਾ ਉਸ ਦੇ ਵਚਨ ਨੂੰ ਪ੍ਰਕਾਸ਼ਮਾਨ ਕਰਦਾ ਹੈ ਤਾਂ ਇਹ ਆਪਣੀ ਸਮਰੱਥਾ ਨਾਲ ਸਾਨੂੰ ਤੋੜਦਾ ਹੈ। *ਕੀ ਮੇਰਾ ਬਚਨ ਅੱਗ ਵਾਂਙੁ ਨਹੀਂ? ਯਹੋਵਾਹ ਦਾ ਵਾਕ ਹੈ, ਅਤੇ ਵਦਾਣ ਵਾਂਙੁ ਜਿਹੜਾ ਚਟਾਨ ਨੂੰ ਚੂਰ ਚੂਰ ਕਰ ਸੁੱਟਦਾ ਹੈ?* (ਯਿਰਮਿਯਾਹ 23:29)

ਪਰਮੇਸ਼ੁਰ ਸਾਡੇ ਜੀਵਨ ਵਿੱਚ ਟੁੱਟਾਪਣ ਪੈਦਾ ਕਰਨ ਲਈ ਹਾਲਾਤਾਂ ਅਤੇ ਮਸੀਹ ਦੀ ਦੇਹ ਦੇ ਲੋਕਾਂ ਦੀ ਵਰਤੋਂ ਵੀ ਕਰਦਾ ਹੈ। ਅੱਜ, ਪਰਮੇਸ਼ੁਰ ਦੇ ਤੁਹਾਨੂੰ ਤੋੜਨ ਦੀ ਉਡੀਕ ਨਾ ਕਰੋ; ਸਗੋਂ, ਉਸ ਨੂੰ ਕਹੋ ਕਿ ਉਹ ਤੁਹਾਨੂੰ ਤੋੜੇ।

*ਸੋ ਆਪਣੇ ਆਪ ਨੂੰ ਪਰਮੇਸ਼ੁਰ ਦੇ ਬਲਵੰਤ ਹੱਥ ਦੇ ਹੇਠ ਨੀਵਿਆਂ ਕਰੋ ਭਈ ਉਹ ਤੁਹਾਨੂੰ ਵੇਲੇ ਸਿਰ ਉੱਚਿਆ ਕਰੇ* (1 ਪਤਰਸ 5:6)।

## ਮਾਫ਼ੀ

### ਬਾਈਬਲ ਮਾਫ਼ੀ ਬਾਰੇ ਕੀ ਸਿਖਾਉਂਦੀ ਹੈ

ਪਰਮੇਸ਼ੁਰ ਦਿਆਲੂ ਅਤੇ ਕਿਰਪਾਲੂ ਹੈ। ਉਹ ਉਨ੍ਹਾਂ ਲੋਕਾਂ ਦੇ ਪਾਪ ਮਾਫ਼ ਕਰਦਾ ਹੈ ਜੋ ਤੋਬਾ ਕਰਦੇ ਹਨ ਅਤੇ ਸ਼ੁੱਧ ਦਿਲ ਦੀ ਭਾਲ ਵਿੱਚ ਉਸ ਕੋਲ ਆਉਂਦੇ ਹਨ। ਇੱਕ ਨਵੀਂ ਸ਼ੁਰੂਆਤ ਦਾ ਮੌਕਾ ਹਮੇਸ਼ਾ ਹੁੰਦਾ ਹੈ।

*ਮੈਂ ਤੇਰੇ ਅੱਗੇ ਆਪਣੇ ਪਾਪ ਦਾ ਇਕਰਾਰ ਕੀਤਾ, ਅਤੇ ਆਪਣੀ ਬਦੀ ਨਹੀਂ ਲੁਕਾਈ। ਮੈਂ ਆਖਿਆ ਕਿ ਮੈਂ ਆਪਣੇ ਅਪਰਾਧਾਂ ਨੂੰ ਯਹੋਵਾਹ ਦੇ ਅੱਗੇ ਮੰਨ ਲਵਾਂਗਾ, ਤਾਂ ਤੈਂ ਆਪ ਮੇਰੇ ਪਾਪ ਦੀ ਬਦੀ ਨੂੰ ਚੁੱਕ ਲਿਆ* (ਜ਼ਬੂਰਾਂ ਦੀ ਪੋਥੀ 32:5)।

*ਹੇ ਸਾਡੇ ਮੁਕਤੀ ਦੇ ਪਰਮੇਸ਼ੁਰ, ਆਪਣੇ ਨਾਮ ਦੇ ਪਰਤਾਪ ਲਈ ਸਾਡੇ ਸਹਾਇਤਾ ਕਰ, ਅਤੇ ਆਪਣੇ ਨਾਮ ਦੇ ਕਾਰਨ ਸਾਨੂੰ ਛੁਡਾ ਅਤੇ ਸਾਡੇ ਪਾਪਾਂ ਨੂੰ ਕੱਜ ਲੈ* (ਜ਼ਬੂਰਾਂ ਦੀ ਪੋਥੀ 79:9)।

*ਪਰ ਤੇਰੇ ਕੋਲ ਤਾਂ ਮਾਫ਼ੀ ਹੈ, ਭਈ ਤੇਰਾ ਭੈ ਮੰਨਿਆ ਜਾਵੇ* (*ਜ਼ਬੂਰਾਂ ਦੀ ਪੋਥੀ* 130:4)।

*ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ,ਜਿਵੇਂ ਅਸਾਂ ਵੀ ਆਪਣੇ ਕਰਜਾਈਆਂ ਨੂੰ ਮਾਫ਼*

Free Digital Copy From ServeNow

*ਕੀਤਾ ਹੈ, ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ। ਕਿਉਂਕਿ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਕਰ ਦਿਓ ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ ਮਾਫ਼ ਕਰ ਦੇਵੇਗਾ ਪਰ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਨਾ ਕਰੋ ਤਾਂ ਤੁਹਾਡਾ ਪਿਤਾ ਵੀ ਤੁਹਾਡੇ ਅਪਰਾਧ ਮਾਫ਼ ਨਾ ਕਰੇਗਾ* (ਮੱਤੀ 6:12-15)।

*ਕਿਉਂ ਜੋ ਨੇਮ ਦਾ ਇਹ ਮੇਰਾ ਉਹ ਲਹੂ ਹੈ ਜਿਹੜਾ ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਦੇ ਲਈ ਵਹਾਇਆ ਜਾਂਦਾ ਹੈ* (ਮੱਤੀ 26:28)।

*ਦੋਸ਼ ਨਾ ਲਾਓ ਤਾਂ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਵੇਗਾ, ਅਤੇ ਅਪਰਾਧੀ ਨਾ ਠਹਿਰਾਓ ਤਾਂ ਤੁਸੀਂ ਅਪਰਾਧੀ ਨਾ ਠਹਿਰਾਏ ਜਾਓਗੇ। ਛੱਡ ਦਿਓ ਤਾਂ ਤੁਸੀਂ ਛੱਡੇ ਜਾਓਗੇ* (ਲੂਕਾ 6:37)।

*ਖਬਰਦਾਰ ਰਹੋ! ਜੇ ਤੇਰਾ ਭਾਈ ਗੁਨਾਹ ਕਰੇ ਤਾਂ ਉਹ ਨੂੰ ਸਮਝਾ ਦਿਹ ਅਰ ਜੇ ਤੋਬਾ ਕਰੇ ਤਾਂ ਉਹ ਨੂੰ ਮਾਫ਼ ਕਰ* (ਲੂਕਾ 17:3)।

*ਤਦ ਯਿਸੂ ਨੇ ਆਖਿਆ, ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ, ਅਤੇ ਉਨ੍ਹਾਂ ਉਸ ਦੇ ਕੱਪੜੇ ਵੰਡ ਕੇ ਗੁਣੇ ਪਾਏ* (ਲੂਕਾ 23:34)।

*ਹੇ ਬੱਚਿਓ, ਮੈਂ ਤੁਹਾਨੂੰ ਲਿਖਦਾ ਹਾਂ ਇਸ ਲਈ ਜੋ ਤੁਹਾਡੇ ਪਾਪ ਉਹ ਦੇ ਨਾਮ ਦੇ ਕਾਰਨ ਤੁਹਾਨੂੰ ਮਾਫ਼ ਕੀਤੇ ਹੋਏ ਹਨ* (1 ਯੂਹੰਨਾ 2:1)।

*ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤ੍ਰ ਆਤਮਾ ਦਾ ਦਾਨ ਪਾਓਗੇ* (ਰਸੂਲਾਂ ਦੇ ਕਰਤੱਬ 2:38)।

*ਉਹ ਦੇ ਉੱਤੇ ਸਭ ਨਬੀ ਸਾਖੀ ਦਿੰਦੇ ਹਨ ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ* (ਰਸੂਲਾਂ ਦੇ ਕਰਤੱਬ 10:43)।

*ਜਿਹ ਦੇ ਵਿੱਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ*(ਅਫ਼ਸੀਆਂ 1:7)।

*ਅਤੇ ਜੇ ਕੋਈ ਕਿਸੇ ਉੱਤੇ ਗਿਲਾ ਰੱਖਦਾ ਹੋਵੇ ਤਾਂ ਇੱਕ ਦੂਏ ਦੀ ਸਹਿ ਲਵੇ ਅਤੇ ਇੱਕ ਦੂਏ ਨੂੰ ਮਾਫ਼ ਕਰ ਦੇਵੇ। ਜਿਵੇਂ ਪ੍ਰਭੁ ਨੇ ਤੁਹਾਨੂੰ ਮਾਫ਼ ਕੀਤਾ ਤਿਵੇਂ ਤੁਸੀਂ ਵੀ ਕਰੋ* (ਕੁਲੁੱਸੀਆਂ 3:13)।

*ਮੈਂ ਤਾਂ ਓਹਨਾਂ ਦੇ ਕੁਧਰਮਾਂ ਉੱਤੇ ਤਰਸਵਾਨ ਹੋਵਾਂਗਾ, ਅਤੇ ਓਹਨਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ* (ਇਬਰਾਨੀਆਂ 8:12)

Free Digital Copy From Servelow

*ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ* (1 ਯੂਹੰਨਾ 1:9)।

## ਮਾਫ਼ ਕਰਨਾ ਔਖਾ ਲੱਗ ਸਕਦਾ ਹੈ

ਮਸੀਹੀਆਂ ਦੇ ਅੰਦਰ ਮਾਫ਼ੀ ਬਾਰੇ ਸਵਾਲ ਉੱਠਣਾ ਅਨੋਖਾ ਨਹੀਂ ਹੈ। ਚੇਲਿਆਂ ਨੇ ਵੀ ਯਿਸੂ ਨੂੰ ਪੁੱਛਿਆ, *ਜੇ ਕੋਈ ਸਾਡੇ ਵਿਰੁੱਧ ਗੁਨਾਹ ਕਰੇ ਤਾਂ ਸਾਨੂੰ ਉਸ ਨੂੰ ਕਿੰਨੀ ਵਾਰ ਮਾਫ਼ ਕਰਨਾ ਚਾਹੀਦਾ ਹੈ?* ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਦੇ ਸੁਭਾਅ ਵਿੱਚ ਮਾਫ਼ ਕਰਨਾ ਨਹੀਂ ਹੁੰਦਾ।

ਸਾਡੀ ਸੁਭਾਵਕ ਪ੍ਰਵਿਰਤੀ ਇਹ ਹੈ ਕਿ ਜਦੋਂ ਅਸੀਂ ਜ਼ਖਮੀ ਹੁੰਦੇ ਹਾਂ, ਤਾਂ ਆਤਮ-ਰੱਖਿਆ ਵਿੱਚ ਪਿਛਾਂਹ ਹਟ ਜਾਂਦੇ ਹਾਂ। ਜਦੋਂ ਸਾਡੇ ਨਾਲ ਕੁਝ ਗਲਤ ਕੀਤਾ ਜਾਂਦਾ ਹੈ ਤਾਂ ਅਸੀਂ ਸੁਭਾਵਕ ਤੌਰ 'ਤੇ ਮਾਫ਼ ਨਹੀਂ ਕਰਦੇ।

ਕਈ ਸਾਲ ਪਹਿਲਾਂ, ਮੈਨੂੰ ਨੀਦਰਲੈਂਡ ਦੀ ਇੱਕ ਔਰਤ ਨੂੰ ਜਾਣਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਮੈਂ ਉਸ ਦੀਆਂ ਕਈ ਕਿਤਾਬਾਂ ਦਾ ਸਵੀਡਿਸ਼ ਪ੍ਰਕਾਸ਼ਕ ਰਿਹਾ ਸੀ। ਦੂਜੇ ਵਿਸ਼ਵ ਯੁੱਧ ਦੌਰਾਨ ਉਸ ਨੂੰ ਜਰਮਨਾਂ ਨੇ ਫੜ ਲਿਆ ਅਤੇ ਉਸ ਨੂੰ ਇੱਕ ਨਜ਼ਰਬੰਦੀ ਕੈਂਪ ਵਿੱਚ ਰੱਖਿਆ ਗਿਆ। ਉਸ ਦਾ ਅਪਰਾਧ ਇਹ ਸੀ ਕਿ ਉਹ ਆਪਣੇ ਘਰ ਵਿੱਚ ਯਹੂਦੀ ਲੋਕਾਂ ਨੂੰ ਲੁਕਾ ਰਹੀ ਸੀ ਤਾਂ ਜੋ ਉਨ੍ਹਾਂ ਨੂੰ ਜਰਮਨੀ ਦੇ ਮੌਤ ਦੇ ਕੈਂਪਾਂ ਵਿੱਚ ਨਾ ਭੇਜਿਆ ਜਾਵੇ। ਉਸ ਦਾ ਨਾਮ ਕੋਰੀ ਸੀ।

ਕੋਰੀ ਦੀ ਭੈਣ ਬੈਟਸੀ ਅਤੇ ਪਿਤਾ ਇੱਕ ਤਸ਼ੱਦਦ ਕੈਂਪ ਵਿੱਚ ਮਾਰੇ ਗਏ ਸਨ। ਕੋਰੀ ਨੂੰ ਕੈਂਪ ਦੇ ਗਾਰਡਾਂ ਦੇ ਸਾਹਮਣੇ ਕਈ ਹੋਰ ਔਰਤ ਕੈਦੀਆਂ ਨਾਲ ਨਿਰਵਸਤਰ ਪਰੇਡ ਕਰਨ ਲਈ ਮਜਬੂਰ ਕੀਤਾ ਗਿਆ ਸੀ। ਆਖਰਕਾਰ ਜਦੋਂ ਯੁੱਧ ਦੇ ਅੰਤ ਵਿੱਚ ਉਸ ਨੂੰ ਰਿਹਾ ਕੀਤਾ ਗਿਆ ਤਾਂ ਉਸ ਨੇ ਉਨ੍ਹਾਂ ਸਾਰਿਆਂ ਨੂੰ ਹੀ ਮਾਫ਼ ਕਰਨ ਦਾ ਫੈਸਲਾ ਕੀਤਾ ਜਿਨ੍ਹਾਂ ਨੇ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਦੁੱਖ ਪਹੁੰਚਾਇਆ ਸੀ। ਹਾਲਾਂਕਿ, ਕਈ ਸਾਲਾਂ ਬਾਅਦ ਇੱਕ ਦਿਨ ਜਦੋਂ ਉਹ ਜਰਮਨੀ ਦੇ ਇੱਕ ਚਰਚ ਵਿੱਚ ਮਾਫ਼ੀ ਬਾਰੇ ਪਰਚਾਰ ਕਰ ਰਹੀ ਸੀ, ਤਾਂ ਉਸ ਦੇ ਲਈ ਮਾਫ਼ ਕਰਨਾ ਅਚਾਨਕ ਬਹੁਤ ਮੁਸ਼ਕਲ ਹੋ ਗਿਆ। ਉਸ ਨੇ ਇਹ ਕਹਾਣੀ ਇਸ ਤਰ੍ਹਾਂ ਦੱਸੀ:

> ਮਿਊਨਿਖ ਵਿੱਚ ਇੱਕ ਚਰਚ ਸਭਾ ਦੇ ਦੌਰਾਨ ਮੈਂ ਉਸ ਆਦਮੀ ਨੂੰ ਦੇਖਿਆ, ਉਹ ਸਾਬਕਾ ਜੇਲ੍ਹ ਗਾਰਡ ਜੋ ਰੈਵੇਨਸਬਰਕ ਜੇਲ੍ਹ ਕੈਂਪ ਦੇ ਪ੍ਰੋਸੈਸਿੰਗ ਸੈਂਟਰ ਵਿੱਚ ਸ਼ਾਵਰ ਰੂਮ ਦੇ ਦਰਵਾਜ਼ੇ 'ਤੇ ਪਹਿਰਾ ਦਿੰਦਾ ਸੀ। ਉਹ ਸਾਡੇ ਅਸਲ ਜੇਲ੍ਹਰਾਂ ਵਿੱਚੋਂ ਪਹਿਲਾ ਸੀ ਜਿਸ ਨੂੰ ਮੈਂ ਉਸ ਸਮੇਂ ਤੋਂ ਬਾਅਦ ਦੇਖਿਆ ਸੀ।

Free Digital Copy From Servelnow

ਮੈਂ ਮਾਫ਼ੀ ਬਾਰੇ ਪਰਚਾਰ ਕਰਨ ਲਈ ਜਰਮਨੀ ਗਈ ਸੀ। ਇਹ ਉਹ ਸੱਚਾਈ ਸੀ ਜਿਸ ਦੀ ਉਸ ਦੁੱਖ ਭਰੇ, ਬੰਬਾਰੀ ਨਾਲ ਬੇਹਾਲ ਦੇਸ਼ ਦੇ ਲੋਕਾਂ ਨੂੰ ਸੁਣਨ ਦੀ ਸਭ ਤੋਂ ਵੱਧ ਲੋੜ ਸੀ, ਅਤੇ ਮੈਂ ਉਨ੍ਹਾਂ ਦੇ ਸਾਹਮਣੇ ਆਪਣੀ ਮਨਪਸੰਦ ਮਾਨਸਿਕ ਤਸਵੀਰ ਪੇਸ਼ ਕੀਤੀ। ਸ਼ਾਇਦ ਮੇਰੇ ਵਰਗੇ ਕਿਸੇ ਵਿਅਕਤੀ ਦੇ ਮਨ ਤੋਂ ਸਮੁੰਦਰ ਕਦੇ ਵੀ ਦੂਰ ਨਹੀਂ ਹੁੰਦਾ ਜੋ ਸਮੁੰਦਰ ਦੇ ਕਿਨਾਰੇ ਹੀ ਵੱਡਾ ਹੋਇਆ ਹੋਵੇ, ਇਸ ਲਈ ਮੈਨੂੰ ਇਹ ਸੋਚਣਾ ਚੰਗਾ ਲੱਗਦਾ ਸੀ ਕਿ ਸਮੁੰਦਰ ਉਹ ਜਗ੍ਹਾ ਹੈ ਜਿੱਥੇ ਸਾਡੇ ਮਾਫ਼ ਕੀਤੇ ਗਏ ਪਾਪ ਸੁੱਟ ਦਿੱਤੇ ਜਾਂਦੇ ਹਨ। 'ਜਦੋਂ ਅਸੀਂ ਆਪਣੇ ਪਾਪਾਂ ਦਾ ਇਕਰਾਰ ਕਰਦੇ ਹਾਂ,' ਮੈਂ ਕਿਹਾ, 'ਤਾਂ ਪਰਮੇਸ਼ੁਰ ਉਨ੍ਹਾਂ ਨੂੰ ਸਭ ਤੋਂ ਡੂੰਘੇ ਸਮੁੰਦਰ ਵਿੱਚ ਸੁੱਟ ਦਿੰਦਾ ਹੈ, ਅਤੇ ਉਹ ਹਮੇਸ਼ਾ ਲਈ ਖ਼ਤਮ ਹੋ ਜਾਂਦੇ ਹਨ।'

ਅਤੇ ਫਿਰ ਮੈਂ ਉਸ ਨੂੰ ਦੇਖਿਆ, ਸਭਾ ਦੇ ਖ਼ਤਮ ਹੋਣ ਤੋਂ ਬਾਅਦ ਇਮਾਰਤ ਤੋਂ ਬਾਹਰ ਨਿਕਲ ਰਹੇ ਲੋਕਾਂ ਦੇ ਵਿੱਚੋਂ ਦੀ ਅੱਗੇ ਵਧਦੇ ਹੋਏ। ਇੱਕ ਪਲ ਲਈ ਮੈਨੂੰ ਉਹ ਓਵਰਕੋਟ ਅਤੇ ਭੂਰੀ ਟੋਪੀ ਵਿਖਾਈ ਦਿੱਤੀ; ਅਗਲੇ ਹੀ ਪਲ, ਨੀਲੀ ਵਰਦੀ ਅਤੇ ਟੋਪੀ ਵਿਖਾਈ ਦਿੱਤੀ ਜਿਸ ਉੱਤੇ ਖੋਪੜੀ ਅਤੇ ਹੱਡੀਆਂ ਦਾ ਨਿਸ਼ਾਨ ਸੀ। ਸਭ ਕੁਝ ਜਿਵੇਂ ਇੱਕ ਝਟਕੇ ਵਿੱਚ ਵਾਪਸ ਆ ਗਿਆ: ਉਹ ਵਿਸ਼ਾਲ ਕਮਰਾ ਜਿਸ ਦੀ ਛੱਤ ਤੋਂ ਤੇਜ਼ ਰੋਸ਼ਨੀ ਵਾਲੇ ਬਲਬ ਲਟਕ ਰਹੇ ਸਨ; ਕਮਰੇ ਦੇ ਵਿਚਕਾਰ ਫਰਸ਼ ਉੱਤੇ ਕੱਪੜੇ ਅਤੇ ਜੁੱਤੀਆਂ ਦਾ ਗੰਦਾ ਜਿਹਾ ਢੇਰ ਸੀ; ਨਿਰਵਸਤਰ ਹੋ ਕੇ ਇਸ ਆਦਮੀ ਦੇ ਸਾਹਮਣਿਓਂ ਲੰਘਣ ਦੀ ਸ਼ਰਮਿੰਦਗੀ। ਮੈਨੂੰ ਮੇਰੀ ਭੈਣ ਦਾ ਕਮਜ਼ੋਰ ਸਰੀਰ ਸਾਹਮਣੇ ਦਿਖਾਈ ਦੇ ਰਿਹਾ ਸੀ, ਚਮੜੀ ਦੇ ਹੇਠਾਂ ਉੱਭਰੀਆਂ ਹੋਈਆਂ ਉਸ ਦੀਆਂ ਤਿੱਖੀਆਂ ਪਸਲੀਆਂ।

ਹੁਣ ਉਹ ਆਦਮੀ ਮੇਰੇ ਸਾਹਮਣੇ ਸੀ ਅਤੇ ਉਸ ਨੇ ਹੱਥ ਮਿਲਾਉਣ ਲਈ ਮੇਰੇ ਵੱਲ ਆਪਣਾ ਹੱਥ ਵਧਾਇਆ ਹੋਇਆ ਸੀ: 'ਬਹੁਤ ਵਧੀਆ ਪਰਚਾਰ ਸੀ! ਇਹ ਜਾਣ ਕੇ ਬਹੁਤ ਚੰਗਾ ਲੱਗਿਆ, ਜਿਵੇਂ ਤੁਸੀਂ ਕਿਹਾ ਕਿ ਸਾਡੇ ਸਾਰੇ ਪਾਪ ਸਮੁੰਦਰ ਦੀ ਡੂੰਘਾਈ ਵਿੱਚ ਹਨ!'

ਅਤੇ ਮੈਂ, ਜਿਸ ਨੇ ਮਾਫ਼ੀ ਬਾਰੇ ਇੰਨੀ ਸਹਿਜਤਾ ਨਾਲ ਪਰਚਾਰ ਕੀਤਾ ਸੀ, ਉਸ ਹੱਥ ਨੂੰ ਫੜਨ ਦੀ ਬਜਾਏ ਆਪਣਾ ਹੱਥ ਆਪਣੇ ਹੈਂਡਬੈਗ ਵਿੱਚ ਪਾ ਲਿਆ ਸੀ। ਪੱਕਾ, ਮੈਂ ਉਸ ਨੂੰ ਯਾਦ ਨਹੀਂ ਹੋਵਾਂਗੀ, ਆਖਰ ਉਹ ਉਨ੍ਹਾਂ ਹਜ਼ਾਰਾਂ ਔਰਤਾਂ ਵਿੱਚੋਂ ਇੱਕ ਕੈਦੀ ਨੂੰ ਕਿਵੇਂ ਯਾਦ ਰੱਖ ਸਕਦਾ ਸੀ?

Free Digital Copy From Servelow

ਪਰ ਮੈਨੂੰ ਉਹ ਅਤੇ ਉਸ ਦੀ ਬੈਲਟ ਤੋਂ ਝੂਲਦਾ ਚਮੜੇ ਕੋਰੜਾ ਯਾਦ ਆ ਗਿਆ। ਮੈਂ ਆਪਣੇ ਇੱਕ ਕੈਦ ਕਰਨ ਵਾਲੇ ਦੇ ਸਾਹਮਣੇ ਖੜ੍ਹੀ ਸੀ ਅਤੇ ਮੈਨੂੰ ਆਪਣਾ ਖ਼ੂਨ ਜੰਮਦਾ ਮਹਿਸੂਸ ਹੋਇਆ।

'ਤੁਸੀਂ ਆਪਣੀ ਗੱਲਬਾਤ ਵਿੱਚ ਰੈਵੇਨਸਬਰਕ ਦਾ ਜ਼ਿਕਰ ਕੀਤਾ,' ਉਹ ਕਹਿ ਰਿਹਾ ਸੀ, 'ਮੈਂ ਉਸ ਜੇਲ੍ਹ ਕੈਂਪ ਵਿੱਚ ਇੱਕ ਗਾਰਡ ਸੀ।' ਨਹੀਂ, ਮੈਂ ਉਸ ਨੂੰ ਯਾਦ ਨਹੀਂ ਸੀ।

'ਪਰ ਉਸ ਸਮੇਂ ਤੋਂ ਬਾਅਦ,' ਉਸ ਨੇ ਅੱਗੇ ਕਿਹਾ, 'ਮੈਂ ਇੱਕ ਮਸੀਹੀ ਬਣ ਗਿਆ ਹਾਂ। ਮੈਨੂੰ ਪਤਾ ਹੈ ਕਿ ਪਰਮੇਸ਼ੁਰ ਨੇ ਮੈਨੂੰ ਉਨ੍ਹਾਂ ਬੇਰਹਿਮ ਕੰਮਾਂ ਲਈ ਮਾਫ਼ ਕਰ ਦਿੱਤਾ ਹੈ ਜੋ ਮੈਂ ਉੱਥੇ ਕੀਤੇ ਸਨ, ਪਰ ਮੈਂ ਇਹ ਤੁਹਾਡੇ ਮੂੰਹੋਂ ਵੀ ਸੁਣਨਾ ਚਾਹੁੰਦਾ ਹਾਂ। ਫਿਰ, ਉਸ ਨੇ ਹੱਥ ਅੱਗੇ ਵਧਾਉਂਦੇ ਹੋਏ ਕਿਹਾ, 'ਕੀ ਤੁਸੀਂ ਮੈਨੂੰ ਮਾਫ਼ ਕਰੋਗੇ?'

ਅਤੇ ਮੈਂ ਜਿਸ ਦੇ ਆਪਣੇ ਪਾਪ ਵਾਰ-ਵਾਰ ਮਾਫ਼ ਕੀਤੇ ਗਏ ਸਨ, ਉੱਥੇ ਖੜ੍ਹੀ ਮਾਫ਼ ਨਹੀਂ ਕਰ ਪਾ ਰਹੀ ਸੀ। ਬੈਟਸੀ ਉਸ ਜਗ੍ਹਾ ਮਰੀ ਸੀ, ਕੀ ਉਹ ਇੰਨੀ ਅਸਾਨੀ ਨਾਲ ਉਸ ਦੀ ਧੀਮੀ ਭਿਆਨਕ ਮੌਤ ਦੇ ਸੰਤਾਪ ਨੂੰ ਮਿਟਾ ਸਕਦਾ ਸੀ?

ਉਸ ਨੂੰ ਉੱਥੇ ਖੜ੍ਹੇ ਕੁਝ ਹੀ ਸਕਿੰਟ ਹੋਏ ਹੋਣਗੇ, ਹੱਥ ਅੱਗੇ ਵਧਾਏ ਹੋਏ, ਪਰ ਮੈਨੂੰ ਇਹ ਘੰਟਿਆਂ ਵਰਗਾ ਜਾਪਿਆ ਕਿਉਂਕਿ ਮੈਂ ਇੱਕ ਸਭ ਤੋਂ ਮੁਸ਼ਕਲ ਕੰਮ ਨਾਲ ਜੂਝ ਰਹੀ ਸੀ ਜੋ ਮੈਨੂੰ ਅੱਜ ਤਕ ਕਦੇ ਕਰਨਾ ਪਿਆ ਸੀ।

ਮੈਨੂੰ ਇਹ ਕਰਨਾ ਹੀ ਪੈਣਾ ਸੀ — ਮੈਨੂੰ ਇਹ ਪਤਾ ਸੀ। ਇਹ ਸੰਦੇਸ਼ ਕਿ ਪਰਮੇਸ਼ੁਰ ਮਾਫ਼ ਕਰਦਾ ਹੈ, ਇਸ ਦੀ ਇੱਕ ਅਗੇਤੀ ਸ਼ਰਤ ਹੈ: ਕਿ ਅਸੀਂ ਉਨ੍ਹਾਂ ਨੂੰ ਮਾਫ਼ ਕਰੀਏ ਜਿਨ੍ਹਾਂ ਨੇ ਸਾਨੂੰ ਜ਼ਖਮ ਦਿੱਤੇ ਹਨ। *ਪਰ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਨਾ ਕਰੋ ਤਾਂ ਤੁਹਾਡਾ ਪਿਤਾ ਵੀ ਤੁਹਾਡੇ ਅਪਰਾਧ ਮਾਫ਼ ਨਾ ਕਰੇਗਾ।*

ਮੈਂ ਇਸ ਨੂੰ ਸਿਰਫ਼ ਪਰਮੇਸ਼ੁਰ ਦੇ ਹੁਕਮ ਵਜੋਂ ਹੀ ਨਹੀਂ, ਸਗੋਂ ਇੱਕ ਰੋਜ਼ਾਨਾ ਦੇ ਅਨੁਭਵ ਵਜੋਂ ਜਾਣਦੀ ਸੀ। ਯੁੱਧ ਖ਼ਤਮ ਹੋਣ ਤੋਂ ਬਾਅਦ, ਮੈਂ ਨਾਜ਼ੀ ਤਸ਼ੱਦਦ ਦੇ ਪੀੜਤਾਂ ਲਈ ਹਾਲੈਂਡ ਵਿੱਚ ਇੱਕ ਆਸ਼ਰਮ ਸਥਾਪਤ ਕੀਤਾ ਸੀ। ਜਿਹੜੇ ਲੋਕ ਆਪਣੇ ਪੁਰਾਣੇ ਦੁਸ਼ਮਣਾਂ ਨੂੰ ਮਾਫ਼ ਕਰ ਸਕੇ ਸਨ, ਉਹ ਬਾਹਰੀ ਸੰਸਾਰ ਵਿੱਚ ਮੁੜ ਕੇ ਆਪਣੀਆਂ ਜ਼ਿੰਦਗੀਆਂ ਦਾ ਮੁੜ ਨਿਰਮਾਣ ਕਰਨ ਵਿੱਚ ਕਾਮਯਾਬ ਹੋ ਗਏ ਸਨ, ਭਾਵੇਂ ਉਨ੍ਹਾਂ ਨੂੰ ਕੋਈ ਵੀ ਸਰੀਰਕ ਜ਼ਖ਼ਮ ਲੱਗੇ ਸਨ।

Free Digital Copy From Servelow

ਜਿਹੜੇ ਆਪਣੀ ਕੁੜੱਤਣ ਨੂੰ ਪਾਲਦੇ ਰਹੇ ਉਹ ਅਪਾਹਜ ਬਣੇ ਰਹੇ। ਇਹ ਓਨਾ ਹੀ ਸਰਲ ਸੀ ਅਤੇ ਓਨਾ ਹੀ ਭਿਆਨਕ ਵੀ।

ਫਿਰ ਵੀ ਮੈਂ ਉੱਥੇ ਖੜ੍ਹੀ ਸੀ ਅਤੇ ਇੱਕ ਕਠੋਰਤਾ ਨੇ ਮੇਰੇ ਦਿਲ ਨੂੰ ਜਕੜਿਆ ਹੋਇਆ ਸੀ। ਪਰ ਮਾਫ਼ੀ ਇੱਕ ਭਾਵਨਾ ਨਹੀਂ ਹੈ, ਮੈਂ ਇਹ ਵੀ ਜਾਣਦੀ ਸੀ। ਮਾਫ਼ੀ ਇੱਛਾ ਦਾ ਇੱਕ ਕਾਰਜ ਹੈ, ਅਤੇ ਇੱਛਾ ਦਿਲ ਦੇ ਤਾਪਮਾਨ ਦੀ ਪਰਵਾਹ ਕੀਤੇ ਬਿਨਾਂ ਕੰਮ ਕਰ ਸਕਦੀ ਹੈ। 'ਪ੍ਰਭੂ, ਮਦਦ ਕਰ!' ਮੈਂ ਚੁੱਪਚਾਪ ਪ੍ਰਾਰਥਨਾ ਕੀਤੀ। 'ਮੈਂ ਆਪਣਾ ਹੱਥ ਅੱਗੇ ਵਧਾ ਸਕਦੀ ਹਾਂ। ਮੈਂ ਇੰਨਾ ਕਰ ਸਕਦੀ ਹਾਂ। ਭਾਵਨਾ ਤੂੰ ਦੇ।'

ਅਤੇ ਇਸ ਤਰ੍ਹਾਂ ਭਾਵਨਾ ਹੀਣਤਾ ਅਤੇ ਮਸ਼ੀਨੀ ਤਰੀਕੇ ਨਾਲ, ਮੈਂ ਆਪਣਾ ਹੱਥ ਉਸ ਹੱਥ ਉੱਤੇ ਰੱਖ ਦਿੱਤਾ ਜੋ ਮੇਰੇ ਵੱਲ ਵਧਿਆ ਹੋਇਆ ਸੀ। ਅਤੇ ਜਿਵੇਂ ਹੀ ਮੈਂ ਇਹ ਕੀਤਾ, ਤਾਂ ਇੱਕ ਅਦਭੁਤ ਗੱਲ ਵਾਪਰੀ। ਇੱਕ ਕਰੰਟ ਮੇਰੇ ਮੋਢੇ ਤੋਂ ਸ਼ੁਰੂ ਕੇ ਮੇਰੀ ਬਾਂਹ ਵਿੱਚ ਦੌੜਿਆ ਅਤੇ ਸਾਡੇ ਮਿਲੇ ਹੋਏ ਹੱਥਾਂ ਵਿੱਚ ਫੈਲ ਗਿਆ। ਅਤੇ ਫਿਰ ਇਹ ਚੰਗਾ ਕਰਨ ਵਾਲੀ ਗਰਮਾਹਟ ਮੇਰੇ ਪੂਰੇ ਜੀਵ ਵਿੱਚ ਭਰਦੀ ਜਾਪੀ ਅਤੇ ਇਸ ਨੇ ਮੇਰੀਆਂ ਅੱਖਾਂ ਵਿੱਚ ਹੰਝੂ ਲੈ ਆਂਦੇ।

'ਭਾਈ, ਮੈਂ ਆਪਣੇ ਪੂਰੇ ਦਿਲ ਤੋਂ ਤੈਨੂੰ ਮਾਫ਼ ਕਰਦੀ ਹਾਂ,' ਮੈਂ ਰੋਂਦੇ ਹੋਏ ਕਿਹਾ।' ਇੱਕ ਪਲ ਲਈ ਅਸੀਂ ਇੱਕ ਦੂਜੇ ਦਾ ਹੱਥ ਫੜੀ ਖੜ੍ਹੇ ਰਹੇ, ਇੱਕ ਸਾਬਕਾ ਗਾਰਡ ਅਤੇ ਇੱਕ ਸਾਬਕਾ ਕੈਦੀ। ਮੈਂ ਕਦੇ ਵੀ ਪਰਮੇਸ਼ੁਰ ਦੇ ਪਿਆਰ ਨੂੰ ਇੰਨੀ ਤੀਬਰਤਾ ਨਾਲ ਨਹੀਂ ਜਾਣਿਆ ਸੀ, ਜਿੰਨਾ ਮੈਂ ਉਦੋਂ ਜਾਣਿਆ ਸੀ।

## ਮਾਫ਼ੀ ਇੱਕ ਸੋਚ ਸਮਝ ਕੇ ਕੀਤੀ ਜਾਣ ਵਾਲੀ ਚੋਣ ਹੈ

ਮਾਫ਼ੀ ਇੱਕ ਅਜਿਹੀ ਚੋਣ ਹੈ ਜੋ ਅਸੀਂ ਪਰਮੇਸ਼ੁਰ ਦੀ ਆਗਿਆਕਾਰੀ ਅਤੇ ਮਾਫ਼ ਕਰਨ ਦੇ ਉਸ ਦੇ ਹੁਕਮ ਤੋਂ ਪ੍ਰੇਰਿਤ ਹੋ ਕੇ ਆਪਣੀ ਇੱਛਾ ਦੇ ਫੈਸਲੇ ਰਾਹੀਂ ਕਰਦੇ ਹਾਂ।

ਕੁਲੁੱਸੀਆਂ 3:13 ਸਾਨੂੰ ਕਹਿੰਦੀ ਹੈ *ਜੇ ਕੋਈ ਕਿਸੇ ਉੱਤੇ ਗਿਲਾ ਰੱਖਦਾ ਹੋਵੇ ਤਾਂ ਇੱਕ ਦੂਏ ਦੀ ਸਹਿ ਲਵੇ ਅਤੇ ਇੱਕ ਦੂਏ ਨੂੰ ਮਾਫ਼ ਕਰ ਦੇਵੇ।*

Free Digital Copy From Servelnow

## ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਅਸੀਂ ਸੱਚਮੁੱਚ ਮਾਫ਼ ਕਰ ਦਿੱਤਾ ਹੈ

ਜਦੋਂ ਤੁਸੀਂ ਗਲਤ ਕਰਨ ਵਾਲੇ ਨੂੰ ਉਸ ਦੀ ਗਲਤੀ ਤੋਂ ਮੁਕਤ ਕਰਦੇ ਹੋ, ਤਾਂ ਤੁਸੀਂ ਆਪਣੇ ਅੰਦਰੂਨੀ ਜੀਵਨ ਵਿੱਚੋਂ ਇੱਕ ਘਾਤਕ ਰਸੌਲੀ ਨੂੰ ਕੱਟ ਕੇ ਸੁੱਟ ਦਿੰਦੇ ਹੋ। ਤੁਸੀਂ ਇੱਕ ਕੈਦੀ ਨੂੰ ਆਜ਼ਾਦ ਕਰਦੇ ਹੋ, ਪਰ ਤੁਹਾਨੂੰ ਪਤਾ ਲੱਗਦਾ ਹੈ ਕਿ ਅਸਲ ਕੈਦੀ ਤੁਸੀਂ ਖੁਦ ਸੀ। ਸਾਨੂੰ ਉਦੋਂ ਪਤਾ ਲੱਗਦਾ ਹੈ ਕਿ ਮਾਫ਼ੀ ਪੂਰੀ ਹੋ ਗਈ ਹੈ ਜਦੋਂ ਅਸੀਂ ਇਸ ਦੇ ਨਤੀਜੇ ਵਜੋਂ ਆਉਣ ਵਾਲੀ ਆਜ਼ਾਦੀ ਦਾ ਅਨੁਭਵ ਕਰਦੇ ਹਾਂ। ਜਦੋਂ ਅਸੀਂ ਮਾਫ਼ ਨਾ ਕਰਨ ਦੀ ਚੋਣ ਕਰਦੇ ਹਾਂ, ਤਾਂ ਸਭ ਤੋਂ ਵੱਧ ਦੁੱਖ ਅਸੀਂ ਹੀ ਝੱਲਦੇ ਹਾਂ। ਜਦੋਂ ਅਸੀਂ ਮਾਫ਼ ਕਰਦੇ ਹਾਂ, ਤਾਂ ਪ੍ਰਭੂ ਸਾਡੇ ਦਿਲਾਂ ਨੂੰ ਉਸ ਗੁੱਸੇ, ਕੁੜੱਤਣ, ਨਾਰਾਜ਼ਗੀ ਅਤੇ ਦੁੱਖ ਤੋਂ ਮੁਕਤ ਕਰ ਦਿੰਦਾ ਹੈ ਜਿਨ੍ਹਾਂ ਨੇ ਸਾਨੂੰ ਪਹਿਲਾਂ ਕੈਦ ਕੀਤਾ ਹੋਇਆ ਸੀ। ਹਾਲਾਂਕਿ, ਬਹੁਤੀ ਵਾਰ, ਮਾਫ਼ੀ ਇੱਕ ਧੀਮੀ ਪ੍ਰਕਿਰਿਆ ਹੁੰਦੀ ਹੈ।

*ਤਦ ਪਤਰਸ ਨੇ ਕੋਲ ਆਣ ਕੇ ਉਹ ਨੂੰ ਆਖਿਆ, ਪ੍ਰਭੁ ਜੀ, ਮੇਰਾ ਭਾਈ ਕਿੰਨੀ ਵਾਰੀ ਮੇਰਾ ਪਾਪ ਕਰੇ ਅਤੇ ਮੈਂ ਉਹ ਨੂੰ ਮਾਫ਼ ਕਰਾਂ? ਕੀ ਸੱਤ ਵਾਰ ਤੀਕਰ? ਯਿਸੂ ਨੇ ਉਹ ਨੂੰ ਕਿਹਾ, ਮੈਂ ਤੈਨੂੰ ਸੱਤ ਵਾਰ ਤੀਕਰ ਨਹੀਂ ਆਖਦਾ ਪਰ ਸੱਤਰ ਦੇ ਸੱਤ ਗੁਣਾ ਤੀਕਰ* (ਮੱਤੀ 18:21-22)।

ਯਿਸੂ ਦਾ ਇਹ ਜਵਾਬ ਸਪੱਸ਼ਟ ਕਰਦਾ ਹੈ ਕਿ ਸਾਡੇ ਲਈ ਮਾਫ਼ ਕਰਨਾ ਆਸਾਨ ਨਹੀਂ ਹੈ। ਇਹ ਇੱਕ ਵਾਰ ਦੀ ਚੋਣ ਨਹੀਂ ਹੈ ਅਤੇ ਫਿਰ ਅਸੀਂ ਆਪਣੇ ਆਪ ਹੀ ਮਾਫ਼ੀ ਦੀ ਸਥਿਤੀ ਵਿੱਚ ਰਹਿੰਦੇ ਹਾਂ। ਮਾਫ਼ੀ ਲਈ ਜੀਵਨ ਭਰ ਮਾਫ਼ ਕਰਨ ਦੀ ਲੋੜ ਹੋ ਸਕਦੀ ਹੈ, ਪਰ ਇਹ ਪ੍ਰਭੂ ਲਈ ਮਹੱਤਵਪੂਰਨ ਹੈ। ਸਾਨੂੰ ਉਦੋਂ ਤੱਕ ਮਾਫ਼ ਕਰਦੇ ਰਹਿਣਾ ਚਾਹੀਦਾ ਹੈ ਜਦੋਂ ਤੱਕ ਸਾਡੇ ਦਿਲ ਵਿੱਚ ਮਸਲੇ ਦਾ ਹੱਲ ਨਹੀਂ ਹੋ ਜਾਂਦਾ।

## ਆਪਣੇ ਕ੍ਰੋਧ ਅਤੇ ਨਿਆਂ ਦੀ ਲੋੜ ਨਾਲ ਨਜਿੱਠਣਾ

ਭਾਵੇਂ ਸਾਡੇ ਲਈ ਪਾਪ ਅਤੇ ਬੇਇਨਸਾਫ਼ੀ ਪ੍ਰਤੀ ਗੁੱਸਾ ਮਹਿਸੂਸ ਕਰਨਾ ਆਮ ਗੱਲ ਹੈ, ਪਰ ਇਹ ਸਾਡਾ ਕੰਮ ਨਹੀਂ ਹੈ ਕਿ ਅਸੀਂ ਦੂਜੇ ਵਿਅਕਤੀ ਨੂੰ ਉਸ ਦੇ ਪਾਪ ਦਾ ਦੋਸ਼ੀ ਠਹਿਰਾਈਏ। ਅਸੀਂ ਬੇਇਨਸਾਫ਼ੀਆਂ ਨਾਲ ਨਜਿੱਠਣ ਲਈ, ਉਸ ਵਿਅਕਤੀ ਦੇ ਜੀਵਨ ਦਾ ਨਿਆਂ ਕਰਨ ਲਈ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰ ਸਕਦੇ ਹਾਂ, ਅਤੇ ਫਿਰ ਸਾਨੂੰ ਉਸ ਪ੍ਰਾਰਥਨਾ ਨੂੰ ਉਸ ਦੇ ਚਰਨਾਂ ਵਿੱਚ ਛੱਡ ਦੇਣਾ ਚਾਹੀਦਾ ਹੈ। ਸਾਨੂੰ ਹੁਣ ਗੁੱਸਾ ਚੁੱਕੀ ਫਿਰਨ ਦੀ ਲੋੜ ਨਹੀਂ ਹੈ। *ਦੋਸ਼ ਨਾ ਲਾਓ ਤਾਂ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਵੇਗਾ, ਅਤੇ ਅਪਰਾਧੀ ਨਾ ਠਹਿਰਾਓ ਤਾਂ ਤੁਸੀਂ ਅਪਰਾਧੀ ਨਾ ਠਹਿਰਾਏ ਜਾਓਗੇ। ਛੱਡ ਦਿਓ ਤਾਂ ਤੁਸੀਂ ਛੱਡੇ ਜਾਓਗੇ* (ਲੂਕਾ 6:37)।

Free Digital Copy From Servelow

## ਸਾਡੇ ਲਈ ਮਾਫ਼ ਕਰਨਾ ਜ਼ਰੂਰੀ ਕਿਉਂ ਹੈ

ਮਾਫ਼ ਕਰਨ ਦਾ ਸਭ ਤੋਂ ਉੱਤਮ ਕਾਰਨ ਇਹ ਹੈ ਕਿ ਯਿਸੂ ਨੇ ਸਾਨੂੰ ਮਾਫ਼ ਕਰਨ ਦਾ ਹੁਕਮ ਦਿੱਤਾ। ਅਸੀਂ ਵਚਨ ਵਿੱਚੋਂ ਸਿੱਖਦੇ ਹਾਂ ਕਿ ਜੇ ਅਸੀਂ ਮਾਫ਼ ਨਹੀਂ ਕਰਦੇ, ਤਾਂ ਸਾਨੂੰ ਮਾਫ਼ ਵੀ ਨਹੀਂ ਕੀਤਾ ਜਾਵੇਗਾ।

*ਕਿਉਂਕਿ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਕਰ ਦਿਓ ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ ਮਾਫ਼ ਕਰ ਦੇਵੇਗਾ, ਪਰ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਨਾ ਕਰੋ ਤਾਂ ਤੁਹਾਡਾ ਪਿਤਾ ਵੀ ਤੁਹਾਡੇ ਅਪਰਾਧ ਮਾਫ਼ ਨਾ ਕਰੇਗਾ* (ਮੱਤੀ 6:14-15)।

*ਜਦ ਕਦੇ ਤੁਸੀਂ ਖਲੋ ਕੇ ਪ੍ਰਾਰਥਨਾ ਕਰਦੇ ਹੋ,ਜੇ ਤੁਹਾਡਾ ਕਿਸੇ ਨਾਲ ਵਿਰੋਧ ਹੋਵੇ ਤਾਂ ਉਹ ਮਾਫ਼ ਕਰੋ ਤਾਂ ਜੋ ਤੁਹਾਡਾ ਪਿਤਾ ਵੀ ਜੋ ਸੁਰਗ ਵਿੱਚ ਹੈ ਤੁਹਾਡੇ ਅਪਰਾਧਾਂ ਨੂੰ ਮਾਫ ਕਰੇ* (ਮਰਕੁਸ 11:25)।

## ਮਾਫ਼ ਕਰਨ ਦੇ ਫੈਸਲੇ ਨਾਲ ਦਿਲ ਬਦਲ ਜਾਂਦਾ ਹੈ

ਜਦੋਂ ਅਸੀਂ ਮਾਫ਼ ਕਰਨਾ ਚੁਣਦੇ ਹਾਂ ਤਾਂ ਪਰਮੇਸ਼ੁਰ ਉਸ ਦੇ ਹੁਕਮ ਨੂੰ ਮੰਨਣ ਦੀ ਸਾਡੀ ਵਚਨਬੱਧਤਾ ਅਤੇ ਉਸ ਨੂੰ ਖੁਸ਼ ਕਰਨ ਦੀ ਸਾਡੀ ਇੱਛਾ ਦਾ ਆਦਰ ਕਰਦਾ ਹੈ। ਉਹ ਆਪਣੇ ਸਮੇਂ ਅਨੁਸਾਰ ਕੰਮ ਨੂੰ ਪੂਰਾ ਕਰਦਾ ਹੈ। ਸਾਨੂੰ ਵਿਸ਼ਵਾਸ ਦੁਆਰਾ  ਮਾਫ਼ ਕਰਦੇ  ਰਹਿਣਾ ਚਾਹੀਦਾ ਹੈ (ਸਾਡਾ ਕੰਮ), ਜਦੋਂ ਤੱਕ ਸਾਡੇ ਦਿਲਾਂ ਵਿੱਚ ਮਾਫ਼ੀ ਦਾ ਕੰਮ ਨਹੀਂ ਹੋ ਜਾਂਦਾ (ਪ੍ਰਭੂ ਦਾ ਕੰਮ)।

*ਅਤੇ ਇਸ ਗੱਲ ਦੀ ਮੈਨੂੰ ਪਰਤੀਤ ਹੈ ਭਈ ਜਿਹ ਨੇ ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ ਸੋ ਯਿਸੂ ਮਸੀਹ ਦੇ ਦਿਨ ਤੋੜੀ ਉਹ ਨੂੰ ਪੂਰਿਆਂ ਕਰੇਗਾ* (ਫ਼ਿਲਿੱਪੀਆਂ 1:6)।

## ਆਪਣੇ ਆਪ ਨੂੰ ਮਾਫ਼ ਕਰਨ ਬਾਰੇ ਬਾਈਬਲ ਕੀ ਕਹਿੰਦੀ ਹੈ

ਬਾਈਬਲ ਕਦੇ ਵੀ "ਆਪਣੇ ਆਪ ਨੂੰ ਮਾਫ਼ ਕਰਨ" ਬਾਰੇ ਗੱਲ ਨਹੀਂ ਕਰਦੀ। ਇਹ ਦੂਜਿਆਂ ਨੂੰ ਮਾਫ਼ ਕਰਨ ਬਾਰੇ ਗੱਲ ਕਰਦੀ ਹੈ ਜਦੋਂ ਉਹ ਸਾਡੇ ਵਿਰੁੱਧ ਪਾਪ ਕਰਦੇ ਹਨ ਅਤੇ ਸਾਥੋਂ ਮਾਫ਼ੀ ਮੰਗਦੇ ਹਨ। ਜਦੋਂ ਅਸੀਂ ਮਸੀਹ ਦੁਆਰਾ ਸਾਡੇ ਪਾਪਾਂ ਦੀ ਕੀਮਤ ਪਹਿਲਾਂ ਹੀ ਚੁਕਾਏ ਜਾਣ ਦੇ ਆਧਾਰ 'ਤੇ ਪਰਮੇਸ਼ੁਰ ਤੋਂ ਮਾਫ਼ੀ ਮੰਗਦੇ ਹਾਂ, ਤਾਂ ਉਹ ਸਾਨੂੰ ਮਾਫ਼ ਕਰਦਾ ਹੈ। *ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ* (1 ਯੂਹੰਨਾ 1:9)।

Free Digital Copy from Servelow

ਭਾਵੇਂ ਅਸੀਂ ਪਾਪ ਦੇ ਬੰਧਨ ਤੋਂ ਮੁਕਤ ਕਰ ਦਿੱਤੇ ਜਾਂਦੇ ਹਾਂ, ਤਾਂ ਵੀ ਅਸੀਂ ਕਈ ਵਾਰ ਇਸ ਵਿੱਚ ਫਸੇ ਰਹਿਣਾ ਅਤੇ ਇਸ ਤਰ੍ਹਾਂ ਦਾ ਵਿਹਾਰ ਕਰਨਾ ਚੁਣਦੇ ਹਾਂ ਜਿਵੇਂ ਅਸੀਂ ਇਸ ਤੋਂ ਮੁਕਤ ਨਹੀਂ ਹੋਏ ਹਾਂ। ਇਸੇ ਤਰ੍ਹਾਂ, ਦੋਸ਼ੀ ਮਹਿਸੂਸ ਕਰਨ ਦੇ ਮਾਮਲੇ ਵਿੱਚ, ਅਸੀਂ ਇਸ ਤੱਥ ਨੂੰ ਤਾਂ ਸਵੀਕਾਰ ਕਰਦੇ ਹਾਂ ਕਿ ਸਾਨੂੰ ਮਸੀਹ ਵਿੱਚ ਮਾਫ਼ ਕੀਤਾ ਗਿਆ ਹੈ, ਪਰ ਫਿਰ ਸ਼ੈਤਾਨ ਦੇ ਇਸ ਝੂਠ 'ਤੇ ਵੀ ਵਿਸ਼ਵਾਸ ਕਰਦੇ ਹਾਂ ਕਿ ਅਸੀਂ ਅਜੇ ਵੀ ਦੋਸ਼ੀ ਹਾਂ ਅਤੇ ਇਸ ਲਈ ਸਾਨੂੰ ਦੋਸ਼ੀ ਮਹਿਸੂਸ ਕਰਨਾ ਚਾਹੀਦਾ ਹੈ।

ਬਾਈਬਲ ਕਹਿੰਦੀ ਹੈ ਕਿ ਜਦੋਂ ਪਰਮੇਸ਼ੁਰ ਮਾਫ਼ ਕਰਦਾ ਹੈ ਤਾਂ ਉਹ ਕਹਿੰਦਾ ਹੈ ਕਿ, *ਓਹਨਾਂ ਦੇ ਪਾਪ ਫੇਰ ਚੇਤੇ ਨਾ ਕਰਾਂਗਾ* (ਯਿਰਮਿਯਾਹ 31:34)।

ਕਿਉਂਕਿ ਉਹ ਸਾਨੂੰ ਮਾਫ਼ ਕਰਦਾ ਹੈ ਇਸ ਦਾ ਮਤਲਬ ਇਹ ਨਹੀਂ ਹੈ ਕਿ ਸਭ ਜਾਣਨ ਵਾਲਾ ਪਰਮੇਸ਼ੁਰ ਭੁੱਲ ਜਾਂਦਾ ਹੈ। ਇਸ ਦੀ ਬਜਾਏ, ਉਹ ਆਪ ਹੀ ਯਾਦ ਨਾ ਰੱਖਣ ਜਾਂ ਸਾਡੇ ਪਾਪਾਂ ਨੂੰ ਦੂਜਿਆਂ ਸਾਹਮਣੇ ਉਜਾਗਰ ਨਾ ਕਰਨ ਦਾ ਫੈਸਲਾ ਕਰਦਾ ਹੈ। ਜਦੋਂ ਸਾਨੂੰ ਸਾਡੇ ਪੁਰਾਣੇ ਪਾਪ ਯਾਦ ਆਉਂਦੇ ਹਨ ਤਾਂ ਅਸੀਂ ਉਨ੍ਹਾਂ ਉੱਤੇ ਧਿਆਨ ਲਾਈ ਰੱਖਣ ਦੀ ਚੋਣ ਕਰ ਸਕਦੇ ਹਾਂ (ਜਿਸ ਨਾਲ ਦੋਸ਼-ਭਾਵਨਾਵਾਂ ਪੈਦਾ ਹੋਣਗੀਆਂ), ਜਾਂ ਅਸੀਂ ਆਪਣੇ ਮਨਾਂ ਨੂੰ ਉਸ ਸ਼ਾਨਦਾਰ ਪਰਮੇਸ਼ੁਰ ਦੇ ਵਿਚਾਰਾਂ ਨਾਲ ਭਰਨਾ ਚੁਣ ਸਕਦੇ ਹਾਂ ਜਿਸ ਨੇ ਸਾਨੂੰ ਮਾਫ਼ ਕੀਤਾ ਹੈ, ਅਤੇ ਫਿਰ ਇਸ ਦੇ ਲਈ ਉਸ ਦਾ ਧੰਨਵਾਦ ਅਤੇ ਪ੍ਰਸ਼ੰਸਾ ਕਰ ਸਕਦੇ ਹਾਂ। *ਮੁਕਦੀ ਗੱਲ, ਹੇ ਭਰਾਵੋ, ਜਿਹੜੀਆਂ ਗੱਲਾਂ ਸੱਚੀਆਂ ਹਨ, ਜਿਹੜੀਆਂ ਆਦਰ ਜੋਗ ਹਨ ਜਿਹੜੀਆਂ ਜਥਾਰਥ ਹਨ, ਜਿਹੜੀਆਂ ਸ਼ੁੱਧ ਹਨ, ਜਿਹੜੀਆਂ ਸੁਹਾਉਣੀਆਂ ਹਨ, ਜਿਹੜੀਆਂ ਨੇਕ ਨਾਮੀ ਦੀਆਂ ਹਨ, ਜੇ ਕੁਝ ਗੁਣ ਹੈ ਅਤੇ ਜੇ ਕੁਝ ਸੋਭਾ ਹੈ ਤਾਂ ਇਨ੍ਹਾਂ ਗੱਲਾਂ ਦੀ ਵਿਚਾਰ ਕਰੋ* (ਫ਼ਿਲਿੱਪੀਆਂ 4:8)।

ਕੁਝ ਅਜਿਹੇ ਲੋਕ ਹਨ ਜੋ "ਆਪਣੇ ਆਪ ਨੂੰ ਮਾਫ਼ ਨਹੀਂ ਕਰਦੇ," ਜਿਸ ਦਾ ਮਤਲਬ ਹੈ ਕਿ ਉਹ ਆਪਣੇ ਅਤੀਤ ਤੋਂ ਅੱਗੇ ਨਹੀਂ ਵਧਦੇ। ਉਹ ਅਸਲ ਵਿੱਚ ਆਪਣੇ ਪੁਰਾਣੇ ਪਾਪਾਂ ਨੂੰ ਭੁੱਲਣਾ ਨਹੀਂ ਚਾਹੁੰਦੇ, ਸਗੋਂ ਉਨ੍ਹਾਂ ਨੂੰ ਆਪਣੇ ਮਨਾਂ ਵਿੱਚ ਬਾਰ-ਬਾਰ ਜੀ ਕੇ ਇੱਕ ਰੋਮਾਂਚ ਪ੍ਰਾਪਤ ਕਰਨਾ ਚਾਹੁੰਦੇ ਹਨ। ਇਹ ਵੀ ਪਾਪ ਹੈ ਅਤੇ ਇਸ ਨੂੰ ਕਬੂਲ ਕਰਨਾ ਅਤੇ ਤਿਆਗਣਾ ਚਾਹੀਦਾ ਹੈ। ਹਰ ਵਾਰ ਜਦੋਂ ਅਸੀਂ ਮਾਨਸਿਕ ਤੌਰ 'ਤੇ ਆਪਣੇ ਪਾਪ ਨੂੰ ਮੁੜ ਜੀਉਂਦੇ ਹਾਂ ਤਾਂ ਅਸੀਂ ਉਹੀ ਪਾਪ ਦੁਬਾਰਾ ਕਰਦੇ ਹਾਂ। ਜੇਕਰ ਇਹ ਇੱਕ ਮਸੀਹੀ ਦੇ ਜੀਵਨ ਵਿੱਚ ਹੋ ਰਿਹਾ ਹੈ ਤਾਂ ਪਾਪ/ਦੋਸ਼/ਪਾਪ/ਦੋਸ਼ ਦਾ ਇਹ ਚੱਕਰ ਵਿਨਾਸ਼ਕਾਰੀ ਅਤੇ ਅੰਤਹੀਣ ਹੋ ਸਕਦਾ ਹੈ।

Free Digital Copy From Servelnow

ਇਹ ਯਾਦ ਰੱਖਣਾ ਕਿ ਸਾਡੇ ਪਾਪ ਮਾਫ਼ ਕੀਤੇ ਗਏ ਹਨ, ਇਸ ਨਾਲ ਸਾਡੇ ਲਈ ਦੂਜਿਆਂ ਨੂੰ ਉਨ੍ਹਾਂ ਦੇ ਪਾਪ ਮਾਫ਼ ਕਰਨਾ ਆਸਾਨ ਹੋ ਜਾਣਾ ਚਾਹੀਦਾ ਹੈ। *ਇਹ ਬਚਨ ਪੱਕਾ ਹੈ ਅਤੇ ਪੂਰੀ ਤਰਾਂ ਮੰਨਣ ਜੋਗ ਹੈ ਭਈ ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਿੱਚ ਆਇਆ ਜਿਨ੍ਹਾਂ ਵਿੱਚੋਂ ਮਹਾਂ ਪਾਪੀ ਮੈਂ ਹਾਂ* (1 ਤਿਮੋਥਿਉਸ 1:15)। ਮਾਫ਼ੀ ਦੇ ਦੁਆਰਾ ਸਾਨੂੰ ਉਹ ਮਹਾਨ ਮੁਕਤੀਦਾਤਾ ਯਾਦ ਆਉਣਾ ਚਾਹੀਦਾ ਹੈ ਜਿਸ ਨੇ ਸਾਨੂੰ ਮਾਫ਼ ਕੀਤਾ ਅਤੇ ਉਸ ਦੀ ਪਿਆਰ ਭਰੀ ਆਗਿਆਕਾਰੀ ਦੇ ਦੁਆਰਾ ਸਾਨੂੰ ਆਪਣੇ ਨੇੜੇ ਲਿਆਵੇਗਾ। *ਕਿਉਂਕਿ ਜਦੋਂ ਅਸੀਂ ਵੈਰੀ ਹੋ ਕੇ ਪਰਮੇਸ਼ੁਰ ਨਾਲ ਉਹ ਦੇ ਪੁੱਤ੍ਰ ਦੀ ਮੌਤ ਦੇ ਵਸੀਲੇ ਮਿਲਾਏ ਗਏ ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵਧ ਕੇ ਉਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ* (ਰੋਮੀਆਂ 5:10)।

ਪਰਮੇਸ਼ੁਰ ਸਾਡੇ ਪਾਪ ਨੂੰ ਚੇਤੇ ਵਿੱਚ ਆਉਣ ਦੀ ਇਜਾਜ਼ਤ ਦੇ ਸਕਦਾ ਹੈ। ਸ਼ੈਤਾਨ ਦਾ ਇਸ ਦੇ ਲਈ ਕੋਈ ਬੁਰਾ ਇਰਾਦਾ ਹੋ ਸਕਦਾ ਹੈ। ਪਰ ਪਰਮੇਸ਼ੁਰ ਇਸ ਦੀ ਇਜਾਜ਼ਤ ਇੱਕ ਚੰਗੇ ਇਰਾਦੇ ਲਈ ਦਿੰਦਾ ਹੈ ਅਤੇ ਚਾਹੁੰਦਾ ਹੈ ਕਿ ਅਸੀਂ ਉਸ ਦੀ ਮਾਫ਼ੀ ਨੂੰ ਸਵੀਕਾਰ ਕਰੀਏ ਅਤੇ ਉਸ ਦੀ ਕਿਰਪਾ ਵਿੱਚ ਅਨੰਦ ਕਰੀਏ।

ਜਦੋਂ ਤੁਹਾਨੂੰ ਕਿਸੇ ਨੂੰ ਮਾਫ਼ ਕਰਨ ਵਿੱਚ ਮੁਸ਼ਕਲ ਆ ਰਹੀ ਹੋਵੇ ਤਾਂ ਧਿਆਨ ਦਿਓ ਕਿ ਪਰਮੇਸ਼ੁਰ ਸ਼ਾਇਦ ਉਸ ਅਪਰਾਧ ਨੂੰ ਭਲਿਆਈ ਲਈ ਵਰਤ ਰਿਹਾ ਹੋ ਸਕਦਾ ਹੈ। ਕੀ ਇਹ ਪਰਮੇਸ਼ੁਰ ਦੀ ਵਡਿਆਈ ਕਰਨ ਦਾ ਇੱਕ ਅਸਾਧਾਰਨ ਮੌਕਾ ਹੈ? ਤੁਸੀਂ ਦੂਜਿਆਂ ਦੀ ਸੇਵਾ ਕਿਵੇਂ ਕਰ ਸਕਦੇ ਹੋ ਅਤੇ ਉਹਨਾਂ ਨੂੰ ਉਨ੍ਹਾਂ ਦੇ ਵਿਸ਼ਵਾਸ ਵਿੱਚ ਵਧਣ ਵਿੱਚ ਕਿਵੇਂ ਮਦਦ ਕਰ ਸਕਦੇ ਹੋ? ਤੁਹਾਡੇ ਕਿਹੜੇ ਪਾਪ ਅਤੇ ਕਮਜ਼ੋਰੀਆਂ ਉਜਾਗਰ ਹੋ ਰਹੇ ਹਨ? ਤੁਹਾਨੂੰ ਕਿਹੜੇ ਚਰਿੱਤਰ ਗੁਣਾਂ ਨੂੰ ਪਰਗਟ ਕਰਨ ਦੀ ਚੁਣੌਤੀ ਦਿੱਤੀ ਜਾ ਰਹੀ ਹੈ? ਜਦੋਂ ਤੁਸੀਂ ਮਹਿਸੂਸ ਕਰਦੇ ਹੋ ਕਿ ਜਿਸ ਵਿਅਕਤੀ ਨੇ ਤੁਹਾਡੇ ਨਾਲ ਬੁਰਾ ਕੀਤਾ ਹੈ, ਪਰਮੇਸ਼ੁਰ ਉਸ ਨੂੰ ਤੁਹਾਨੂੰ ਪਰਿਪੱਕ ਬਣਨ, ਦੂਜਿਆਂ ਦੀ ਸੇਵਾ ਕਰਨ ਅਤੇ ਉਸ ਦੀ ਵਡਿਆਈ ਕਰਨ ਵਿੱਚ ਮਦਦ ਕਰਨ ਲਈ ਆਪਣੇ ਹੱਥ ਵਿੱਚ ਇੱਕ ਸਾਧਨ ਵਜੋਂ ਵਰਤ ਰਿਹਾ ਹੈ, ਤਾਂ ਤੁਹਾਡੇ ਲਈ ਮਾਫ਼ ਕਰਨ ਵੱਲ ਕਦਮ ਵਧਾਉਣਾ ਆਸਾਨ ਹੋ ਸਕਦਾ ਹੈ।

ਤੁਹਾਡੇ ਅੰਦਰ ਕੰਮ ਕਰਨ ਦੇ ਪਰਮੇਸ਼ੁਰ ਦੇ ਤਰੀਕੇ ਲਈ ਉਸ ਦਾ ਧੰਨਵਾਦ ਕਰੋ। ਪੌਲੁਸ ਨੇ ਕੁਰਿੰਥੁਸ ਦੀ ਕਲੀਸਿਯਾ ਨੂੰ ਲਿਖਿਆ, *ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ ਪਰੰਤੂ ਪਰਮੇਸ਼ੁਰ ਵਫ਼ਾਦਾਰ ਹੈ ਜੋ ਤੁਹਾਡੀ ਸ਼ਕਤੀਓਂ ਬਾਹਰ ਤੁਹਾਨੂੰ ਪਰਤਾਵੇ ਵਿੱਚ ਨਹੀਂ ਪੈਣ ਦੇਵੇਗਾ ਸਗੋਂ ਪਰਤਾਵੇ ਦੇ ਨਾਲ ਹੀ ਬਚ ਜਾਣ ਦਾ ਉਪਾਓ ਵੀ ਕੱਢ ਦੇਵੇਗਾ ਭਈ ਤੁਸੀਂ ਝੱਲ ਸੱਕੋ* (1 ਕੁਰਿੰਥੀਆਂ 10:13)।

Free Digital Copy From ServeNow

ਪੌਲੁਸ ਨੇ ਰੋਮੀਆਂ ਨੂੰ ਵੀ ਲਿਖਿਆ, *ਅਸੀਂ ਜਾਣਦੇ ਹਾਂ ਭਈ ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ ਅਰਥਾਤ ਓਹਨਾਂ ਦਾ ਜਿਹੜੇ ਪਰਮੇਸ਼ੁਰ ਦੀ ਮਨਸ਼ਾ ਦੇ ਅਨੁਸਾਰ ਸੱਦੇ ਹੋਏ ਹਨ* (ਰੋਮੀਆਂ 8:28)।

## ਮਾਫ਼ ਨਾ ਕਰਨਾ ਇੱਕ ਜ਼ਹਿਰ ਹੈ

ਬਹੁਤ ਸਾਰੇ ਲੋਕ ਦੂਜਿਆਂ ਨੂੰ ਮਾਫ਼ ਨਾ ਕਰਕੇ ਆਪਣੀ ਸਿਹਤ ਅਤੇ ਆਪਣੀ ਜ਼ਿੰਦਗੀ ਬਰਬਾਦ ਕਰ ਦਿੰਦੇ ਹਨ। ਇਹ ਕੁੜੱਤਣ, ਨਾਰਾਜ਼ਗੀ ਅਤੇ ਮਾਫ਼ ਨਾ ਕਰਨ ਦੇ ਜ਼ਹਿਰ ਨੂੰ ਨਿਗਲਣ ਵਾਂਗ ਹੈ। ਯਿਸੂ ਸਾਨੂੰ ਇਹ ਕਹਾਣੀ ਦੱਸਦਾ ਹੈ: *ਇਸ ਲਈ ਸੁਰਗ ਦਾ ਰਾਜ ਇੱਕ ਰਾਜਾ ਵਰਗਾ ਹੈ ਜਿਹ ਨੇ ਆਪਣੇ ਨੌਕਰਾਂ ਤੋਂ ਹਿਸਾਬ ਲੈਣਾ ਚਾਹਿਆ ਅਤੇ ਜਾਂ ਉਹ ਹਿਸਾਬ ਲੈਣ ਲੱਗਾ ਤਾਂ ਦਸ ਹਜ਼ਾਰ ਤੋੜੇ ਦੇ ਇੱਕ ਕਰਜਾਈ ਨੂੰ ਉਹ ਦੇ ਕੋਲ ਲਿਆਏ ਪਰ ਜਦ ਉਹ ਦੇ ਕੋਲ ਦੇਣ ਨੂੰ ਕੁਝ ਨਾ ਸੀ ਤਦ ਉਹ ਦੇ ਮਾਲਕ ਨੇ ਹੁਕਮ ਦਿੱਤਾ ਜੋ ਉਹ ਅਤੇ ਉਹ ਦੀ ਤੀਵੀਂ ਅਤੇ ਉਹ ਦੇ ਬਾਲ ਬੱਚੇ ਅਰ ਸਭ ਕੁਝ ਜੋ ਉਹ ਦਾ ਹੈ ਵੇਚਿਆ ਜਾਵੇ ਅਤੇ ਕਰਜ ਭਰ ਲਿਆ ਜਾਵੇ।*

*ਤਦ ਉਸ ਨੌਕਰ ਨੇ ਪੈਰੀਂ ਪੈਕੇ ਉਹ ਨੂੰ ਮੱਥਾ ਟੇਕਿਆ ਅਤੇ ਕਿਹਾ, ਸੁਆਮੀ ਜੀ, ਮੇਰੇ ਉੱਤੇ ਧੀਰਜ ਕਰੋ ਤਾਂ ਮੈਂ ਤੁਹਾਡਾ ਸਾਰਾ ਕਰਜ ਭਰ ਦਿਆਂਗਾ। ਤਦ ਉਸ ਨੌਕਰ ਦੇ ਮਾਲਕ ਨੇ ਤਰਸ ਖਾ ਕੇ ਉਹ ਨੂੰ ਛੱਡ ਦਿੱਤਾ ਅਤੇ ਕਰਜ ਵੀ ਉਹ ਨੂੰ ਬਖ਼ਸ਼ ਦਿੱਤਾ। ਜਾਂ ਉਹ ਨੌਕਰ ਬਾਹਰ ਨਿੱਕਲਿਆ ਤਾਂ ਉਹ ਦੇ ਨਾਲ ਦੇ ਨੌਕਰਾਂ ਵਿੱਚੋਂ ਇੱਕ ਉਹ ਨੂੰ ਲੱਭ ਪਿਆ ਜਿਸ ਤੋਂ ਉਹ ਨੇ ਪੰਜਾਹਕੁ ਰੁਪਏ ਲੈਣੇ ਸਨ ਅਤੇ ਉਸ ਉੱਤੇ ਹੱਥ ਪਾ ਕੇ ਸੰਘੀਓਂ ਫੜ ਲਿਆ ਅਤੇ ਆਖਿਆ, ਜੋ ਮੇਰਾ ਨਿੱਕਲਦਾ ਹੈ ਸੋ ਦਿਹ!*

*ਤਦ ਉਹ ਦੇ ਨਾਲ ਦਾ ਨੌਕਰ ਉਹ ਦੇ ਪੈਰੀਂ ਪਿਆ ਅਤੇ ਮਿੰਨਤ ਕਰ ਕੇ ਕਿਹਾ, ਮੇਰੇ ਉੱਤੇ ਧੀਰਜ ਕਰ ਤਾਂ ਮੈਂ ਤੇਰਾ ਕਰਜ ਭਰ ਦਿਆਂਗਾ, ਪਰ ਉਹ ਨੇ ਨਾ ਮੰਨਿਆ ਸਗੋਂ ਜਾ ਕੇ ਉਸ ਨੂੰ ਕੈਦ ਵਿੱਚ ਪਾ ਦਿੱਤਾ ਜਿੰਨਾ ਚਿਰ ਕਰਜ ਨਾ ਭਰ ਦੇਵੇ।*

*ਪਰ ਜਾਂ ਉਹ ਦੇ ਨਾਲ ਦੇ ਨੌਕਰਾਂ ਨੇ ਇਹ ਹਾਲ ਡਿੱਠਾ ਤਾਂ ਵੱਡੇ ਉਦਾਸ ਹੋਏ ਅਤੇ ਜਾ ਕੇ ਆਪਣੇ ਮਾਲਕ ਨੂੰ ਸਾਰਾ ਹਾਲ ਦੱਸ ਦਿੱਤਾ। ਤਦ ਉਹ ਦੇ ਮਾਲਕ ਨੇ ਉਹ ਨੂੰ ਆਪਣੇ ਕੋਲ ਸੱਦ ਕੇ ਕਿਹਾ, ਓਏ ਦੁਸ਼ਟ ਨੌਕਰ! ਮੈਂ ਤੈਨੂੰ ਉਹ ਸਾਰਾ ਕਰਜ ਛੱਡ ਦਿੱਤਾ ਇਸ ਲਈ ਜੋ ਤੈਂ ਮੇਰੀ ਮਿੰਨਤ ਕੀਤੀ, ਫੇਰ ਜਿਹੀ ਮੈਂ ਤੇਰੇ ਉੱਤੇ ਦਯਾ ਕੀਤੀ ਕੀ ਤੈਨੂੰ ਆਪਣੇ ਨਾਲ ਦੇ ਨੌਂਕਰ ਉੱਤੇ ਤਿਹੀ ਦਯਾ ਕਰਨੀ ਨਹੀਂ ਸੀ ਚਾਹੀਦੀ? ਅਤੇ ਜਿੰਨਾ ਚਿਰ ਸਾਰਾ ਕਰਜ ਭਰ ਨਾ ਦੇਵੇ ਉਸ ਦੇ ਮਾਲਕ ਨੇ ਕ੍ਰੋਧੀ ਹੋ ਕੇ ਉਹ ਨੂੰ ਦੁਖ ਦਾਇਕਾਂ ਦੇ ਹਵਾਲੇ ਕੀਤਾ।*

Free Digital Copy From Servelow

*ਇਸੇ ਤਰਾਂ ਮੇਰਾ ਸੁਰਗੀ ਪਿਤਾ ਵੀ ਤੁਹਾਡੇ ਨਾਲ ਕਰੇਗਾ ਜੇ ਤੁਸੀਂ ਆਪਣੇ ਭਾਈਆਂ ਨੂੰ ਆਪਣੇ ਦਿਲਾਂ ਤੋਂ ਮਾਫ਼ ਨਾ ਕਰੋ* (ਮੱਤੀ 18:23-35)।

ਕਿਸੇ ਹੋਰ ਵਿਅਕਤੀ ਪ੍ਰਤੀ ਨਫ਼ਰਤ ਭਰੇ ਵਿਚਾਰਾਂ ਨੂੰ ਆਪਣੇ ਦਿਮਾਗ ਵਿੱਚ ਘੁੰਮਦੇ ਰਹਿਣ ਦੇਣਾ ਆਪਣੇ ਆਪ ਨੂੰ ਤਸੀਹੇ ਦੇਣ ਵਾਲੀ ਗੱਲ ਹੈ।

## ਮਾਫ਼ ਕਰਨ ਨਾਲ ਅਸੀਂ ਕਿਸ ਦੀ ਮਦਦ ਕਰਦੇ ਹਾਂ

ਜਦੋਂ ਤੁਸੀਂ ਉਸ ਵਿਅਕਤੀ ਨੂੰ ਮਾਫ਼ ਕਰਦੇ ਹੋ ਜਿਸ ਨੇ ਤੁਹਾਨੂੰ ਦੁੱਖ ਪਹੁੰਚਾਇਆ ਹੈ ਤਾਂ ਤੁਸੀਂ ਸਭ ਤੋਂ ਵੱਧ ਕਿਸ ਦੀ ਮਦਦ ਕਰ ਰਹੇ ਹੁੰਦੇ ਹੋ? ਤੁਸੀਂ ਦੂਜੇ ਵਿਅਕਤੀ ਨਾਲੋਂ ਜ਼ਿਆਦਾ ਆਪਣੀ ਮਦਦ ਕਰ ਰਹੇ ਹੋ। ਜਿਨ੍ਹਾਂ ਲੋਕਾਂ ਨੇ ਸਾਨੂੰ ਦੁੱਖ ਪਹੁੰਚਾਇਆ ਹੈ, ਉਨ੍ਹਾਂ ਨੂੰ ਮਾਫ਼ ਕਰਨਾ ਅਕਸਰ ਬਹੁਤ ਔਖਾ ਲੱਗਦਾ ਹੈ। ਅਸੀਂ ਇਹ ਵੀ ਸੋਚ ਸਕਦੇ ਹਾਂ ਕਿ ਜਦੋਂ ਅਸੀਂ ਦੁੱਖ ਝੱਲ ਰਹੇ ਹੁੰਦੇ ਹਾਂ, ਤਾਂ ਉਨ੍ਹਾਂ ਦਾ ਮਾਫ਼ੀ ਪ੍ਰਾਪਤ ਕਰਨਾ ਬੇਇਨਸਾਫ਼ੀ ਹੈ। ਸਾਨੂੰ ਦਰਦ ਮਿਲਿਆ ਅਤੇ ਉਹ ਉਨ੍ਹਾਂ ਦੇ ਦਿੱਤੇ ਕਸ਼ਟ ਦੀ ਕੀਮਤ ਚੁਕਾਏ ਬਿਨਾਂ ਆਜ਼ਾਦ ਹੋ ਗਏ। ਹਾਲਾਂਕਿ, ਜਦੋਂ ਅਸੀਂ ਮਾਫ਼ ਕਰਨਾ ਚੁਣਦੇ ਹਾਂ ਤਾਂ ਅਸੀਂ ਅਸਲ ਵਿੱਚ ਆਪਣੇ ਆਪ ਦੀ ਹੀ ਮਦਦ ਕਰ ਰਹੇ ਹੁੰਦੇ ਹਾਂ।

ਅਸੀਂ ਦੂਜੇ ਵਿਅਕਤੀ ਨੂੰ ਮੁਕਤ ਕਰਕੇ ਉਸ ਦੀ ਮਦਦ ਵੀ ਕਰ ਰਹੇ ਹੁੰਦੇ ਹਾਂ ਤਾਂ ਜੋ ਪਰਮੇਸ਼ੁਰ ਉਹ ਕਰ ਸਕੇ ਜੋ ਸਿਰਫ਼ ਉਹ ਕਰ ਸਕਦਾ ਹੈ। ਜੇਕਰ ਅਸੀਂ ਪਰਮੇਸ਼ੁਰ ਉੱਤੇ ਭਰੋਸਾ ਰੱਖਣ ਅਤੇ ਉਸ ਦਾ ਹੁਕਮ ਮੰਨਣ ਦੀ ਬਜਾਏ ਖੁਦ ਬਦਲਾ ਲੈਣ ਦੀ ਜਾਂ ਸਥਿਤੀ ਨਾਲ ਆਪ ਨਜਿੱਠਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਰੁਕਾਵਟ ਬਣਦੇ ਹਾਂ, ਤਾਂ ਉਸ ਵਿਅਕਤੀ ਨਾਲ ਨਜਿੱਠਣ ਦੀ ਪਰਮੇਸ਼ੁਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਪਰਮੇਸ਼ੁਰ ਉਨ੍ਹਾਂ ਲੋਕਾਂ ਨਾਲ ਨਜਿੱਠਣ ਲਈ ਤਿਆਰ ਹੈ ਜਿਨ੍ਹਾਂ ਨੇ ਸਾਨੂੰ ਦੁੱਖ ਪਹੁੰਚਾਇਆ ਹੈ, ਪਰ ਤਾਂ ਜੇਕਰ ਅਸੀਂ ਉਨ੍ਹਾਂ ਨੂੰ ਮਾਫ਼ ਕਰਨ ਦੁਆਰਾ ਉਸ ਦੇ ਹੱਥਾਂ ਵਿੱਚ ਸੌਂਪਣ ਲਈ ਤਿਆਰ ਹਾਂ। ਮਾਫ਼ ਕਰਨ ਦਾ ਕੰਮ ਉਸਦੇ ਵਚਨ ਦੀ ਪਾਲਣਾ ਕਰਨ ਵੱਲ ਪਹਿਲਾ ਕਦਮ ਹੈ। ਫਿਰ ਉਹ ਵਫ਼ਾਦਾਰ ਹੈ ਕਿ ਸਾਡੇ ਜੀਵਨ ਵਿੱਚ ਜਿਵੇਂ ਚਾਹੇ ਬਰਕਤ ਦੀ ਫ਼ਸਲ ਪੈਦਾ ਕਰੇ।

ਮਾਫ਼ੀ ਪਰਮੇਸ਼ੁਰ ਨੂੰ ਸਾਡੇ ਵਿੱਚ ਆਪਣਾ ਕੰਮ ਕਰਨ ਦੀ ਵੀ ਖੁੱਲ੍ਹ ਦਿੰਦੀ ਹੈ। ਜਦੋਂ ਅਸੀਂ ਮਾਫ਼ ਨਾ ਕਰਨ ਦੇ ਜ਼ਹਿਰ ਨਾਲ ਨਹੀਂ ਭਰੇ ਹੁੰਦੇ, ਤਾਂ ਅਸੀਂ ਵਧੇਰੇ ਖੁਸ਼ ਹੋਵਾਂਗੇ ਅਤੇ ਸਰੀਰਕ ਤੌਰ 'ਤੇ ਬਿਹਤਰ ਮਹਿਸੂਸ ਕਰਾਂਗੇ।

Free Digital Copy From Servelow

ਮਰਕੁਸ 11:22-26 ਵਿੱਚ ਯਿਸੂ ਸਾਨੂੰ ਦੱਸਦਾ ਹੈ ਕਿ ਮਾਫ਼ ਨਾ ਕਰਨਾ ਸਾਡੇ ਵਿਸ਼ਵਾਸ ਨੂੰ ਕਾਰਜਸ਼ੀਲ ਹੋਣ ਤੋਂ ਰੋਕਦਾ ਹੈ। *ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਪਰਮੇਸ਼ੁਰ ਉੱਤੇ ਨਿਹਚਾ ਰੱਖੋ। ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਰ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕੇ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਓਹ ਹੁੰਦੀਆਂ ਹਨ ਤਾਂ ਉਹ ਦੇ ਲਈ ਹੋ ਜਾਵੇਗਾ। ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੁਝ ਤੁਸੀਂ ਪ੍ਰਾਰਥਨਾ ਕਰ ਕੇ ਮੰਗੋ ਪਰਤੀਤ ਕਰੋ ਜੋ ਸਾਨੂੰ ਮਿਲ ਗਿਆ ਤਾਂ ਤੁਹਾਨੂੰ ਮਿਲੇਗਾ। ਜਦ ਕਦੇ ਤੁਸੀਂ ਖਲੋ ਕੇ ਪ੍ਰਾਰਥਨਾ ਕਰਦੇ ਹੋ,ਜੇ ਤੁਹਾਡਾ ਕਿਸੇ ਨਾਲ ਵਿਰੋਧ ਹੋਵੇ ਤਾਂ ਉਹ ਮਾਫ਼ ਕਰੋ ਤਾਂ ਜੋ ਤੁਹਾਡਾ ਪਿਤਾ ਵੀ ਜੋ ਸੁਰਗ ਵਿੱਚ ਹੈ ਤੁਹਾਡੇ ਅਪਰਾਧਾਂ ਨੂੰ ਮਾਫ ਕਰੇ।*

ਜੇ ਅਸੀਂ ਦੂਜੇ ਲੋਕਾਂ ਨੂੰ ਮਾਫ਼ ਨਹੀਂ ਕਰਦੇ ਤਾਂ ਪਿਤਾ *ਸਾਡੇ* ਪਾਪ ਮਾਫ਼ ਨਹੀਂ ਕਰ ਸਕਦਾ। ਅਸੀਂ ਉਹੀ ਵੱਢਦੇ ਹਾਂ ਜੋ ਅਸੀਂ ਬੀਜਦੇ ਹਾਂ। ਜੇ ਅਸੀਂ ਦਇਆ ਬੀਜਦੇ ਹਾਂ, ਤਾਂ ਅਸੀਂ ਦਇਆ ਵੱਢਾਂਗੇ। ਜੇ ਅਸੀਂ ਨਿਆਂ ਬੀਜਦੇ ਹਾਂ, ਤਾਂ ਅਸੀਂ ਨਿਆਂ ਵੱਢਾਂਗੇ।

ਜਦੋਂ ਤੁਸੀਂ ਮਾਫ਼ ਕਰਨ ਲਈ ਤਿਆਰ ਹੁੰਦੇ ਹੋ ਤਾਂ ਪਰਮੇਸ਼ੁਰ ਨਾਲ ਤੁਹਾਡੀ ਸੰਗਤੀ ਨਿਰਵਿਘਨ ਜਾਰੀ ਰਹਿੰਦੀ ਹੈ, ਪਰ ਮਾਫ਼ ਨਾ ਕਰਨਾ ਇਸ ਵਿੱਚ ਵਿਘਨ ਪਾ ਦਿੰਦਾ ਹੈ। ਮਾਫ਼ ਕਰਨ ਨਾਲ ਸਾਡਾ ਵੈਰੀ ਸਾਡੇ ਉੱਤੇ ਵਾਧਾ ਵੀ ਨਹੀਂ ਕਰ ਸਕਦਾ। ਪੌਲੁਸ ਅਫ਼ਸੀਆਂ ਨੂੰ ਲਿਖਦਾ ਹੈ: *ਤੁਸੀਂ ਗੁੱਸੇ ਤਾਂ ਹੋਵੋ ਪਰ ਪਾਪ ਨਾ ਕਰੋ, ਸੂਰਜ ਤੁਹਾਡੇ ਕ੍ਰੋਧ ਉੱਤੇ ਨਾ ਡੁੱਬ ਜਾਵੇ! ਅਤੇ ਨਾ ਸ਼ਤਾਨ ਨੂੰ ਥਾਂ ਦਿਓ।* ਤੁਹਾਨੂੰ ਤਸੀਹੇ ਦੇਣ ਵਿੱਚ ਸ਼ੈਤਾਨ ਦੀ ਮਦਦ ਨਾ ਕਰੋ। ਮਾਫ਼ ਕਰਨ ਵਿੱਚ ਕਾਹਲੇ ਬਣੋ।

ਵਿਅਕਤੀ ਨੂੰ ਨਫ਼ਰਤ ਕਰਨਾ ਪਰ ਦੂਜੇ ਨੂੰ ਪਿਆਰ ਕਰਨਾ ਔਖਾ ਹੈ। ਜਦੋਂ ਸਾਡੇ ਦਿਲਾਂ ਦੀ ਹਾਲਤ ਠੀਕ ਨਹੀਂ ਹੁੰਦੀ ਤਾਂ ਕਿਸੇ ਨਾਲ ਵੀ ਸਹੀ ਵਿਹਾਰ ਕਰਨਾ ਔਖਾ ਹੁੰਦਾ ਹੈ। ਜਿਨ੍ਹਾਂ ਲੋਕਾਂ ਨੂੰ ਅਸੀਂ ਪਿਆਰ ਕਰਨਾ ਚਾਹੁੰਦੇ ਹਾਂ, ਉਹ ਵੀ ਸਾਡੀ ਕੁੜੱਤਣ, ਨਾਰਾਜ਼ਗੀ ਅਤੇ ਮਾਫ਼ ਨਾ ਕਰਨ ਦੀ ਭਾਵਨਾ ਤੋਂ ਪੀੜਤ ਹੋ ਸਕਦੇ ਹਨ।

## ਸਿੱਟਾ

ਮਾਫ਼ੀ ਬਾਰੇ ਪੜ੍ਹਨ ਤੋਂ ਬਾਅਦ ਕੁਝ ਠੋਸ ਕਦਮ ਚੁੱਕਣੇ ਜ਼ਰੂਰੀ ਹਨ। ਇਸ ਦੇ ਕਾਰਗਰ ਹੋਣ ਲਈ ਸਾਨੂੰ ਪਰਮੇਸ਼ੁਰ ਦੇ ਵਚਨ ਦੀ ਪਾਲਣਾ ਕਰਨੀ ਜ਼ਰੂਰੀ ਹੈ। ਇਹ ਹਨ ਇਸ ਬਾਰੇ ਕੁਝ ਹਿਦਾਇਤਾਂ।

Free Digital Copy From Servelnow

## *ਇੱਕ ਸੁਚੇਤ ਫੈਸਲਾ ਲਓ*

ਜੇਕਰ ਅਸੀਂ ਆਪਣੇ ਅੰਦਰ ਮਾਫ਼ ਕਰਨ ਦੀ ਭਾਵਨਾ ਪੈਦਾ ਹੋਣ ਦੀ ਉਡੀਕ ਕਰਦੇ ਹਾਂ ਤਾਂ ਅਸੀਂ ਕਦੇ ਵੀ ਮਾਫ਼ ਨਹੀਂ ਕਰਾਂਗੇ। ਸਾਨੂੰ ਪਰਮੇਸ਼ੁਰ ਦਾ ਹੁਕਮ ਮੰਨਣ ਦੀ ਚੋਣ ਕਰਨ ਅਤੇ ਸਾਨੂੰ ਕੁੜੱਤਣ ਭਰੇ ਵਿਚਾਰਾਂ ਦਾ ਜ਼ਹਿਰ ਦੇਣ ਦੀਆਂ ਸ਼ੈਤਾਨ ਦੀਆਂ ਕੋਸ਼ਿਸ਼ਾਂ ਦਾ ਦ੍ਰਿੜਤਾ ਨਾਲ ਵਿਰੋਧ ਕਰਨ ਦੀ ਲੋੜ ਹੈ। ਮਾਫ਼ ਕਰਨ ਦਾ ਉੱਤਮ ਫੈਸਲਾ ਕਰੋ ਅਤੇ ਪਰਮੇਸ਼ੁਰ ਸਹੀ ਸਮੇਂ 'ਤੇ ਤੁਹਾਡੀਆਂ ਜ਼ਖਮੀ ਭਾਵਨਾਵਾਂ ਨੂੰ ਚੰਗਾ ਕਰੇਗਾ।

*ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ, ਜਿਵੇਂ ਅਸਾਂ ਵੀ ਆਪਣੇ ਕਰਜਾਈਆਂ ਨੂੰ ਮਾਫ਼ ਕੀਤਾ ਹੈ, ਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ।। ਕਿਉਂਕਿ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਕਰ ਦਿਓ ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ ਮਾਫ਼ ਕਰ ਦੇਵੇਗਾ* (ਮੱਤੀ 6:12-14)।

## *ਪਵਿੱਤਰ ਆਤਮਾ ਉੱਤੇ ਨਿਰਭਰ ਹੋਵੋ*

ਅਸੀਂ ਪਵਿੱਤਰ ਆਤਮਾ ਦੀ ਸ਼ਕਤੀ ਤੋਂ ਬਿਨਾਂ ਮਾਫ਼ ਨਹੀਂ ਕਰ ਸਕਦੇ। ਆਪਣੇ ਆਪ ਇਸ ਤਰ੍ਹਾਂ ਕਰਨਾ ਬਹੁਤ ਔਖਾ ਹੈ। ਜੇਕਰ ਅਸੀਂ ਸੱਚਮੁੱਚ ਤਿਆਰ ਹਾਂ ਤਾਂ ਪਰਮੇਸ਼ੁਰ ਸਾਨੂੰ ਸਮਰੱਥ ਬਣਾਵੇਗਾ, ਪਰ ਸਾਨੂੰ ਆਪਣੇ ਆਪ ਨੂੰ ਦੀਨ ਬਣਾਉਣ ਅਤੇ ਮਦਦ ਲਈ ਉਸ ਨੂੰ ਪੁਕਾਰਨ ਦੀ ਲੋੜ ਹੈ। ਯਿਸੂ ਨੇ ਚੇਲਿਆਂ ਉੱਤੇ ਫੂਕ ਮਾਰੀ ਅਤੇ ਕਿਹਾ, *ਤੁਸੀਂ ਪਵਿੱਤ੍ਰ ਆਤਮਾ ਲਓ* (ਯੂਹੰਨਾ 20:22-23)। ਹੇਠ ਲਿਖੀਆਂ ਆਇਤਾਂ ਵਿੱਚ ਉਸ ਦੀ ਹਿਦਾਇਤ ਲੋਕਾਂ ਨੂੰ ਮਾਫ਼ ਕਰਨ ਬਾਰੇ ਹੀ ਸੀ। *ਜਿਨ੍ਹਾਂ ਦੇ ਪਾਪ ਤੁਸੀਂ ਮਾਫ਼ ਕਰੋ ਓਹ ਉਨ੍ਹਾਂ ਨੂੰ ਮਾਫ਼ ਕੀਤੇ ਜਾਂਦੇ ਹਨ ਅਰ ਜਿਨ੍ਹਾਂ ਦੇ ਤੁਸੀਂ ਕਾਇਮ ਰੱਖੋ ਉਨ੍ਹਾਂ ਦੇ ਕਾਇਮ ਰਹੇ ਹਨ।*

ਕਿਰਪਾ ਕਰਕੇ ਪ੍ਰਾਰਥਨਾ ਕਰੋ ਕਿ ਪਰਮੇਸ਼ੁਰ ਤੁਹਾਡੇ ਉੱਤੇ ਪਵਿੱਤਰ ਆਤਮਾ ਫੂਕੇ ਤਾਂ ਜੋ ਤੁਸੀਂ ਉਨ੍ਹਾਂ ਨੂੰ ਮਾਫ਼ ਕਰ ਸਕੋ ਜਿਨ੍ਹਾਂ ਨੇ ਤੁਹਾਨੂੰ ਦੁੱਖ ਪਹੁੰਚਾਇਆ ਹੈ।

Free Digital Copy From ServeNow

## ਪਰਮੇਸ਼ੁਰ ਦੇ ਵਚਨ ਦੀ ਪਾਲਣਾ ਕਰੋ

ਵਚਨ ਸਾਨੂੰ ਆਪਣੇ ਦੁਸ਼ਮਣਾਂ ਨੂੰ ਮਾਫ਼ ਕਰਨ ਬਾਰੇ ਹਿਦਾਇਤ ਦਿੰਦਾ ਹੈ।

*ਪਰ ਮੈਂ ਤੁਹਾਨੂੰ ਜੋ ਸੁਣਦੇ ਹੋ ਆਖਦਾ ਹਾਂ ਭਈ ਆਪਣੇ ਦੁਸ਼ਮਣਾਂ ਨਾਲ ਪਿਆਰ ਕਰੋ। ਜੋ ਤੁਹਾਡੇ ਨਾਲ ਵੈਰ ਰੱਖਣ ਉਨ੍ਹਾਂ ਦਾ ਭਲਾ ਕਰੋ 28 ਜੋ ਤੁਹਾਨੂੰ ਸਰਾਪ ਦੇਣ ਉਨ੍ਹਾਂ ਨੂੰ ਅਸੀਸ ਦਿਓ। ਜੋ ਤੁਹਾਡੀ ਪਤ ਲਾਹੁਣ ਉਨ੍ਹਾਂ ਲਈ ਪ੍ਰਾਰਥਨਾ ਕਰੋ* (ਲੂਕਾ 6:27-28)।

*ਅਸੀਸ ਦਿਓ, ਅਸੀਸ ਦਿਓ, ਫਿਟਕਾਰੋ ਨਾ* (ਰੋਮੀਆਂ 12:14)। *ਅਸੀਸ ਦੇਣ* ਦਾ ਅਰਥ ਹੈ "ਕਿਸੇ ਲਈ ਚੰਗਾ ਬੋਲਣਾ," ਅਤੇ *ਫਿਟਕਾਰਨ* ਦਾ ਅਰਥ ਹੈ "ਕਿਸੇ ਲਈ ਬੁਰਾ ਬੋਲਣਾ।"

ਉਸ ਵਿਅਕਤੀ ਨੂੰ ਵੀ ਮਾਫ਼ ਕਰ ਦਿਓ ਜਿਸ ਨੇ ਤੁਹਾਨੂੰ ਬਹੁਤ ਸਮਾਂ ਪਹਿਲਾਂ ਦੁੱਖ ਪਹੁੰਚਾਇਆ ਸੀ, ਅਤੇ ਉਸ ਅਜਨਬੀ ਨੂੰ ਵੀ ਜਿਸ ਨੇ ਕੱਲ੍ਹ ਤੁਹਾਡੇ ਪੈਰ 'ਤੇ ਪੈਰ ਰੱਖ ਦਿੱਤਾ ਸੀ। ਦੋਹਾਂ ਪਾਸਿਆਂ ਦੇ ਇਨ੍ਹਾਂ ਵਿਅਕਤੀਆਂ ਦੇ ਨਾਲ-ਨਾਲ ਵਿਚਕਾਰਲਿਆਂ ਨੂੰ ਵੀ ਮਾਫ਼ ਕਰੋ। ਜਲਦੀ ਮਾਫ਼ ਕਰ ਦਿਓ। ਜਿੰਨੀ ਜਲਦੀ ਤੁਸੀਂ ਇਹ ਕਰਦੇ ਹੋ, ਓਨਾ ਹੀ ਇਹ ਸੌਖਾ ਹੁੰਦਾ ਹੈ। ਖੁੱਲ੍ਹ ਕੇ ਮਾਫ਼ ਕਰੋ। ਮੱਤੀ 10:8 ਕਹਿੰਦੀ ਹੈ, *ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ। ਮਾਫ਼ ਕਰਨ* ਦਾ ਅਰਥ ਹੈ "ਕਿਸੇ ਗਲਤੀ ਨੂੰ ਮਾਫ਼ ਕਰਨਾ, ਭੁਗਤਾਨ ਤੋਂ ਮੁਕਤ ਕਰਨਾ, ਮਾਫ਼ੀ ਦੇਣਾ, ਭੇਜਣਾ, ਰੱਦ ਕਰਨਾ, ਅਤੇ ਬਿਨਾਂ ਸ਼ਰਤ ਕਿਰਪਾ ਕਰਨਾ।"

ਜੇਕਰ ਤੁਸੀਂ ਪਰਮੇਸ਼ੁਰ ਨਾਲ ਇਸ ਲਈ ਗੁੱਸੇ ਹੋ ਕਿਉਂਕਿ ਤੁਹਾਡੀ ਜ਼ਿੰਦਗੀ ਉਸ ਤਰ੍ਹਾਂ ਦੀ ਨਹੀਂ ਬਣੀ ਜਿਸ ਤਰ੍ਹਾਂ ਤੁਸੀਂ ਸੋਚਿਆ ਸੀ, ਤਾਂ ਉਸ ਨੂੰ ਵੀ ਮਾਫ਼ ਕਰੋ। ਪਰਮੇਸ਼ੁਰ ਹਮੇਸ਼ਾ ਇਨਸਾਫ਼ ਕਰਦਾ ਹੈ। ਕੁਝ ਅਜਿਹੀਆਂ ਗੱਲਾਂ ਹੋ ਸਕਦੀਆਂ ਹਨ ਜੋ ਤੁਸੀਂ ਨਹੀਂ ਸਮਝਦੇ, ਪਰ ਪਰਮੇਸ਼ੁਰ ਤੁਹਾਨੂੰ ਪਿਆਰ ਕਰਦਾ ਹੈ। ਜਦੋਂ ਤੁਸੀਂ ਉਸ ਇੱਕੋ ਇੱਕ ਤੋਂ ਮਦਦ ਨਹੀਂ ਮੰਗਦੇ ਜੋ ਸੱਚਮੁੱਚ ਮਦਦ ਕਰ ਸਕਦਾ ਹੈ, ਤਾਂ ਇਹ ਇੱਕ ਗੰਭੀਰ ਗਲਤੀ ਹੈ।

ਕੁੜੱਤਣ, ਨਾਰਾਜ਼ਗੀ ਅਤੇ ਮਾਫ਼ ਨਾ ਕਰਨ ਨਾਲ ਪੈਦਾ ਹੋਣ ਵਾਲੇ ਸਾਰੇ ਜ਼ਹਿਰ ਤੋਂ ਛੁਟਕਾਰਾ ਪਾਓ। ਅਤੇ ਕਹਾਉਤਾਂ 4:23 ਨੂੰ ਯਾਦ ਰੱਖੋ: *ਆਪਣੇ ਮਨ ਦੀ ਵੱਡੀ ਚੌਕਸੀ ਕਰ, ਕਿਉਂ ਜੋ ਜੀਉਣ ਦੀਆਂ ਧਾਰਾਂ ਉਸੇ ਤੋਂ ਨਿੱਕਲਦੀਆਂ ਹਨ!* ਇਸ ਲਈ, ਮਾਫ਼ ਕਰਨ ਅਤੇ ਸ਼ੁੱਧ ਰਹਿਣ ਲਈ ਪਰਮੇਸ਼ੁਰ ਦੇ ਵਚਨ ਦੇ ਜਲ ਵਿੱਚ ਇਸ਼ਨਾਨ ਕਰੋ।

Free Digital Copy From ServeNow

# ਪ੍ਰਸ਼ਨ

- ਮੱਤੀ ਦੀ ਇੰਜੀਲ ਵਿੱਚ, ਯਿਸੂ ਦੀ ਸੇਵਕਾਈ ਦੌਰਾਨ ਬੋਲ ਕੇ ਸੁਣਾਇਆ ਗਿਆ ਪਹਿਲਾ ਸੰਦੇਸ਼ ਕਿਹੜਾ ਸੀ?
- ਤੌਬਾ ਦਾ ਅਸਲ ਅਰਥ ਕੀ ਹੈ?
- ਜੇਕਰ ਅਸੀਂ ਆਪਣੇ ਜੀਵਨ ਲਈ ਪਰਮੇਸ਼ੁਰ ਦੀਆਂ ਹਿਦਾਇਤਾਂ ਦਾ ਪਾਲਣ ਕਰਦੇ ਹਾਂ ਤਾਂ ਇਸ ਦੇ ਕੀ ਨਤੀਜੇ ਹੁੰਦੇ ਹਨ?
- ਪਰਮੇਸ਼ੁਰ ਦੇ ਸਾਹਮਣੇ ਟੁੱਟੇ ਮਨ ਦੇ ਹੋਣ ਦਾ ਕੀ ਅਰਥ ਹੈ?
- ਕੀ ਤੁਸੀਂ ਕਿਸੇ ਨੂੰ, ਜਾਂ ਆਪਣੇ ਆਪ ਨੂੰ ਵੀ ਮਾਫ਼ ਕਰਨ ਵਿੱਚ ਔਖ ਮਹਿਸੂਸ ਕਰ ਰਹੇ ਹੋ?
- ਜੇਕਰ ਅਸੀਂ ਮਾਫ਼ ਨਾ ਕਰਨ ਦਾ ਫੈਸਲਾ ਕਰਦੇ ਹਾਂ ਤਾਂ ਕੀ ਹੁੰਦਾ ਹੈ?
- ਅਸੀਂ ਮਾਫ਼ ਕਰਨ ਦਾ ਵਿਵੇਕਪੂਰਣ ਫੈਸਲਾ ਕਿਵੇਂ ਕਰ ਸਕਦੇ ਹਾਂ?
- ਮਾਫ਼ੀ ਦਾ ਜੀਵਨ ਜੀਉਣ ਲਈ ਸਾਨੂੰ ਕਿਸ ਉੱਤੇ ਨਿਰਭਰ ਹੋਣ ਦੀ ਅਤੇ ਕਿਸ ਗੱਲ ਦਾ ਪਾਲਣ ਕਰਨ ਦੀ ਜ਼ਰੂਰਤ ਹੈ?